# ਸੰਰਚਨਾਵਾਦ ਦਾ ਭਾਸ਼ਾਵਿਗਿਆਨਕ ਆਧਾਰ

## ਮੰਗਤ ਰਾਏ ਭਾਰਦ੍ਵਾਜ

ਸੰਰਚਨਾਵਾਦ (ਸਟ੍ਰੱਕਚਰਲਿਜ਼ਮ) ਪਿਛਲੇ ਚਾਲੀ ਪੰਜਾਹ ਸਾਲਾਂ ਤੋਂ ਮਨੁੱਖੀ ਵਿਗਿਆਨਕ ਖੇਤਰਾਂ ਵਿਚ ਖੋਜ ਅਤੇ ਅਧਿਐਨ ਵਿਧੀ ਦੇ ਤੌਰ ਤੇ ਪ੍ਰਚਲਿਤ ਹੈ - ਜਿਵੇਂ ਭਾਸ਼ਾਵਿਗਿਆਨ (ਲਿੰਗੁਇਸਟਿਕਸ), ਮਨੋਵਿਗਿਆਨ (ਸਾਕੀਕੋਲੋਜੀ), ਸਮਾਜਵਿਗਿਆਨ (ਸੋਸਿਓਲੋਜੀ), ਮਾਨਵਵਿਗਿਆਨ (ਐਂਥ੍ਰੋਪੋਲੋਜੀ), ਸਾਹਿਤ ਆਲੋਚਨਾ ਆਦਿ ਵਿਚ। ਪੰਜਾਬੀ ਸਾਹਿਤ ਆਲੋਚਨਾ ਖੇਤਰ ਵਿਚ ਸੰਰਚਨਾਵਾਦ ਦਾ ਪ੍ਰਵੇਸ਼ ਅਖਾਉਤੀ "ਦਿੱਲੀ ਆਲੋਚਨਾ ਸਕੂਲ" ਦੇ ਮੋਢੀ ਪ੍ਰੋਫ਼ੈਸਰ ਹਰਿਭਜਨ ਸਿੰਘ ਦੀਆਂ ਲਿਖਤਾਂ ਨਾਲ ਹੋਇਆ। ਪਰ ਦਿੱਲੀ ਸਕੂਲ ਦੇ ਆਲੋਚਨਾ ਸਿਧਾਂਤਾਂ, ਆਲੋਚਨਾ ਵਿਧੀ ਅਤੇ ਆਲੋਚਨਾਤਮਕ ਪ੍ਰਾਪਤੀਆਂ ਨੂੰ ਸਾਰੇ ਦੇ ਸਾਰੇ ਪੰਜਾਬੀ ਵਿਦਵਾਨਾਂ ਨੇ ਨਹੀਂ ਮੰਨਿਆ। ਇਸਦੇ ਕਾਰਨ ਲੱਭਣਾ ਇਸ ਲੇਖ ਦਾ ਵਿਸ਼ਾ ਨਹੀਂ। ਸੱਚ ਇਹ ਵੀ ਹੈ ਕਿ ਬਹੁਤ ਸਾਰੇ ਪੰਜਾਬੀ ਵਿਦਵਾਨਾਂ ਨੂੰ ਹਾਲੇ ਤਕ ਪਤਾ ਨਹੀਂ ਕਿ ਸੰਰਚਨਾਵਾਦ ਹੈ ਕੀ। ਕਈ ਅਖਾਉਤੀ ਮਾਰਕਸੀ ਵਿਦਵਾਨ ਸੰਰਚਨਾਵਾਦ ਨੂੰ ਸਮਝੇ ਬਿਨਾਂ ਹੀ ਭੰਡੀ ਜਾਂਦੇ ਹਨ। ਪਰ ਬਦਕਿਸਮਤੀ ਨਾਲ ਦਿੱਲੀ ਸਕੂਲ ਦੇ ਆਲੋਚਕਾਂ ਦੀਆਂ ਲਿਖਤਾਂ ਅਤੇ ਉਹਨਾਂ ਵਿਚ ਵਰਤੀ ਗਈ ਭਾਸ਼ਾ ਨੇ ਵੀ ਸੰਰਚਨਾਵਾਦੀ ਦ੍ਰਿਸ਼ਟੀਕੋਣ ਅਤੇ ਸਿਧਾਂਤਾਂ ਨੂੰ ਸਪਸ਼ਟ ਰੂਪ ਵਿਚ ਪੇਸ਼ ਕਰਨ ਦੀ ਬਜਾਇ ਇਹਨਾਂ ਨੂੰ ਰਹੱਸ ਦਾ ਰੂਪ ਦੇ ਦਿੱਤਾ ਹੈ।

ਸੰਰਚਨਾਵਾਦ ਦਾ ਆਰੰਭ ਇਸ ਸਦੀ ਦੇ ਸ਼ੁਰੂ ਵਿਚ ਭਾਸ਼ਾਵਿਗਿਆਨ ਤੋਂ ਹੋਇਆ। ਇਹ ਵਿਸ਼ਾ ਐਨਾ ਸਰਲ ਅਤੇ ਸਿੱਧ ਪੱਧਰਾ ਹੈ ਕਿ ਯੂਰਪ ਅਤੇ ਅਮਰੀਕਾ ਦੀਆਂ ਯੂਨੀਵਰਸਿਟੀਆਂ ਵਿਚ ਭਾਸ਼ਾਵਿਗਿਆਨ ਦੇ ਵਿਦਿਆਰਥੀਆਂ ਨੂੰ ਪਹਿਲੇ ਸਾਲ ਦੇ ਸ਼ੁਰੂ ਵਿਚ ਹੀ ਦੋ ਜਾਂ ਤਿੰਨ ਲੈਕਚਰਾਂ ਰਾਹੀਂ ਸੰਰਚਨਾਵਾਦ ਦੇ ਮੁਢਲੇ ਸਿਧਾਂਤ ਸਮਝਾ ਦਿੱਤੇ ਜਾਂਦੇ ਹਨ। ਸੰਰਚਨਾਵਾਦ ਮੂਲ ਰੂਪ ਵਿਚ ਵਿਗਿਆਨਕ ਸਿਧਾਂਤ ਅਤੇ ਦ੍ਰਿਸ਼ਟੀਕੋਣ ਹੈ, ਇਹ ਕੋਈ ਰਹੱਸਵਾਦੀ ਫ਼ਲਸਫ਼ਾ ਨਹੀਂ। ਇਸ ਲੇਖ ਦਾ ਮੰਤਵ ਇਹ ਸਪਸ਼ਟ ਕਰਨਾ ਹੈ ਕਿ ਭਾਸ਼ਾਵਿਗਿਆਨ ਦੇ ਖੇਤਰ ਵਿਚ ਸੰਰਚਨਾਵਾਦੀ ਦ੍ਰਿਸ਼ਟੀਕੋਣ ਅਤੇ ਸਿਧਾਂਤ ਕੀ ਹਨ। ਹੋਰ ਖੇਤਰਾਂ ਵਿਚ ਇਹ ਸਿਧਾਂਤ ਕਿਵੇਂ ਅਪਣਾਏ ਗਏ ਅਤੇ ਇਹਨਾਂ ਵਿਚ ਕੀ ਕੀ ਤਬਦੀਲੀਆਂ ਕੀਤੀਆਂ ਗਈਆਂ, ਇਹ ਗੱਲਾਂ ਦੱਸਣਾ ਉਹਨਾਂ ਹੀ ਖੇਤਰਾਂ ਦੇ ਮਾਹਰਾਂ ਦਾ ਕੰਮ ਹੈ। ਮੈਂ ਭਾਸ਼ਾਵਿਗਿਆਨੀ ਦੇ ਤੌਰ ਤੇ ਹੀ ਇਸ ਵਿਸ਼ੇ ਬਾਰੇ ਕੁਝ ਕਹਿਣਾ ਹੈ। ਅੱਜ ਸ਼ਾਇਦ ਹੀ ਕੋਈ ਭਾਸ਼ਾਵਿਗਿਆਨੀ ਹੋਵੇ ਜੋ ਅਜੇ ਵੀ ਸ਼ੁੱਧ ਮੂਲ ਰੂਪ ਵਿਚ ਸੰਰਚਨਾਵਾਦ ਨੂੰ ਲਈ ਬੈਠਾ ਹੋਵੇ। ਅੱਜ ਹਰ ਭਾਸ਼ਾਵਿਗਿਆਨੀ ਸੰਰਚਨਾਵਾਦੀ ਹੈ, ਪਰ ਸ਼ੁੱਧ ਮੂਲਵਾਦੀ ਸੰਰਚਨਾਵਾਦੀ ਭਾਸ਼ਾਵਿਗਿਆਨੀ ਸ਼ਾਇਦ ਕੋਈ ਨਹੀਂ। ਮੂਲ ਸੰਰਚਨਾਵਾਦ ਵਿਚ ਕਈ ਕਮਜ਼ੋਰੀਆਂ ਹਨ। ਇਸ ਲੇਖ ਵਿਚ ਮੈਂ ਆਪਣੇ ਦ੍ਰਿਸ਼ਟੀਕੋਣ ਤੋਂ ਉਹਨਾਂ ਦੀ ਆਲੋਚਨਾ ਕਰਦਿਆਂ ਦੱਸਾਂਗਾ ਕਿ ਮੈਂ ਸ਼ੁੱਧ ਮੂਲਵਾਦੀ ਸੰਰਚਨਾਵਾਦੀ ਭਾਸ਼ਾਵਿਗਿਆਨੀ ਕਿਉਂ ਨਹੀਂ।

### ਸੰਰਚਨਾਵਾਦ ਦਾ ਪਿਤਾਮਾ

ਆਧੁਨਿਕ ਪੱਛਮੀ ਸੰਰਚਨਾਵਾਦ ਦੇ ਪਿਤਾਮਾ ਸਵਿਟਜ਼ਰਲੈਂਡ ਦੇ ਮਹਾਨ ਭਾਸ਼ਾਵਿਗਿਆਨੀ ਫ਼ਰਦੀਨਾਂ ਦ ਸੋਸਿਉਰ ਹਨ। ਸੋਸਿਉਰ ਦਾ ਜਨਮ ਜੇਨੀਵਾ ਵਿਚ ਸੰਨ 1857 ਵਿਚ ਹੋਇਆ। ਪੰਦਰਾਂ ਸਾਲ ਦੀ ਉਮਰ ਤਕ ਉਹਨਾਂ ਨੇ ਫ਼੍ਰੈਂਚ, ਅੰਗਰੇਜ਼ੀ, ਜਰਮਨ, ਲੈਟਿਨ ਅਤੇ ਗ੍ਰੀਕ ਭਾਸ਼ਾਵਾਂ ਵਿਚ ਚੰਗੀ ਮਹਾਰਤ ਹਾਸਲ ਕਰ ਲਈ ਸੀ। ਯੂਨੀਵਰਸਿਟੀ ਪੱਧਰ ਦੀ ਸਿੱਖਿਆ ਉਹਨਾਂ ਨੇ ਪਹਿਲਾਂ ਜੇਨੀਵਾ ਅਤੇ ਫਿਰ ਲਾਈਪਸਿਗ ਯੂਨੀਵਰਸਿਟੀ ਵਿਚ ਪ੍ਰਾਪਤ ਕੀਤੀ। ਲਾਈਪਸਿਗ ਵਿਚ ਉਹਨਾਂ ਨੇ ਸੰਸਕ੍ਰਿਤ ਅਤੇ ਭਾਸ਼ਾਵਿਗਿਆਨ ਦਾ ਅਧਿਐਨ ਕੀਤਾ। ਸੰਨ 1878 ਵਿਚ ਉਹਨਾਂ ਨੇ 21 ਸਾਲ ਦੀ

ਉਮਰ ਵਿਚ ਪੀ-ਐਚ ਡੀ ਕੀਤੀ। ਕੁਝ ਸਾਲ ਲਾਈਪਸਿਗ ਅਤੇ ਫਿਰ ਪੈਰਿਸ ਵਿਚ ਪੜ੍ਹਾਉਣ ਤੋਂ ਬਾਅਦ ਉਹ ਜੇਨੀਵਾ ਯੂਨੀਵਰਸਿਟੀ ਵਿਚ ਸੰਸਕ੍ਰਿਤ ਦੇ ਪ੍ਰੋਫ਼ੈਸਰ ਬਣੇ। ਉਹਨਾਂ ਦਾ ਜੀਵਨ ਕੋਈ ਘਟਨਾ-ਭਰਪੂਰ ਜੀਵਨ ਨਹੀਂ ਸੀ। ਜ਼ਿੰਦਗੀ ਵਿਚ ਉਹਨਾਂ ਨੇ ਆਪਣੀ ਪੀ-ਐਚ ਡੀ ਖੋਜ ਉਤੇ ਆਧਾਰਿਤ ਪੁਸਤਕ ਅਤੇ ਕੁਝ ਪਰਚੇ ਹੀ ਛਪਵਾਏ। ਜੇਨੀਵਾ ਵਿਚ ਹੀ ਉਹ 1912 ਵਿਚ ਬੀਮਾਰ ਪੈ ਗਏ ਅਤੇ ਫ਼ਰਵਰੀ 1913 ਵਿਚ 56 ਸਾਲ ਦੀ ਉਮਰ ਵਿਚ ਚਲਾਣਾ ਕਰ ਗਏ।

**ਪੱਛਮੀ ਭਾਸ਼ਾਵਿਗਿਆਨ ਦਾ ਆਰੰਭ**

ਪੱਛਮ ਵਿਚ ਆਧੁਨਿਕ ਭਾਸ਼ਾਵਿਗਿਆਨ ਦਾ ਆਰੰਭ ਅਠਾਰਹਵੀਂ ਸਦੀ ਦੇ ਆਖ਼ਰੀ ਸਾਲਾਂ ਵਿਚ ਹੋਇਆ, ਜਦ ਪੱਛਮੀ ਵਿਦਵਾਨਾਂ ਨੂੰ ਸੰਸਕ੍ਰਿਤ ਦਾ ਗਿਆਨ ਹੋਇਆ। ਸੰਸਕ੍ਰਿਤ ਦਾ ਵਿਆਕਰਣ ਅਤੇ ਸ਼ਬਦ ਭੰਡਾਰ ਗ੍ਰੀਕ ਅਤੇ ਲੈਟਿਨ ਨਾਲ ਇੰਨਾ ਮਿਲਦਾ ਜੁਲਦਾ ਹੈ ਕਿ ਵਿਦਵਾਨ ਸੋਚਣ ਲਗੇ ਕਿ ਇਹਨਾਂ ਭਾਸ਼ਾਵਾਂ ਦਾ ਜ਼ਰੂਰ ਕੋਈ ਪਰਿਵਾਰਕ ਸੰਬੰਧ ਹੈ। ਇਸ ਸੋਚ ਤੋਂ ਇਹਿਤਾਸਕ ਅਤੇ ਤੁਲਨਾਤਮਕ ਭਾਸ਼ਾਵਿਗਿਆਨ ਦਾ ਆਰੰਭ ਹੋਇਆ। ਭਾਸ਼ਾਵਾਂ ਦੇ ਸ਼ਬਦ ਭੰਡਾਰਾਂ ਅਤੇ ਵਿਆਕਰਣਾਂ ਦਾ ਤੁਲਤਾਨਮਕ ਅਧਿਐਨ ਕਰ ਕੇ ਵਿਦਵਾਨ ਇਹਨਾਂ ਭਾਸ਼ਾਵਾਂ ਦੇ ਇਤਿਹਾਸਕ ਵਿਕਾਸ ਦਾ ਮਾਰਗ ਚਿਤਰਦੇ ਚਿਤਰਦੇ ਇਹਨਾਂ ਭਾਸ਼ਾਵਾਂ ਦੀ ਨਕੜਦਾਦੀ ਭਾਸ਼ਾ (ਜਿਸਨੂੰ ਇੰਡੋਯੂਰੋਪੀਅਨ ਦਾ ਨਾਂ ਦਿੱਤਾ ਗਿਆ) ਤਕ ਜਾ ਪਹੁੰਚੇ। ਇੰਡੋਯੂਰੋਪੀਅਨ ਦੀ ਕੋਈ ਵੰਨਗੀ ਇਤਿਹਾਸ ਨੇ ਨਹੀਂ ਸਾਂਭੀ। ਪਰ ਭਾਸ਼ਾਵਿਗਿਆਨੀਆਂ ਨੇ ਡਾਇਨੋਸੋਰ ਵਾਂਗ ਇਹਦੇ ਰੂਪ ਦੀ ਵੀ ਉਸਾਰੀ ਕਰ ਲਈ ਹੈ। ਇਸ ਕੰਮ ਵਿਚ ਸੋਸਿਉਰ ਦਾ ਯੋਗਦਾਨ ਸ਼ਲਾਘਾਯੋਗ ਸੀ, ਅਤੇ ਇਸੇ ਖੋਜ ਦੇ ਆਧਾਰ ’ਤੇ ਹੀ ਉਹਨਾਂ ਨੂੰ ਪੀ-ਐਚ ਡੀ ਮਿਲੀ ਸੀ। ਇਤਿਹਾਸ ਦਾ ਇਹ ਬੜਾ ਹੀ ਵਚਿੱਤਰ ਵਿਅੰਗ ਹੈ ਕਿ ਜਿਸ ਖੇਤਰ ਵਿਚ ਯੋਗਦਾਨ ਦੇਣ ਕਰਕੇ ਸੋਸਿਉਰ ਨੂੰ ਜ਼ਿੰਦਗੀ ਵਿਚ ਭਰਪੂਰ ਸਤਿਕਾਰ ਮਿਲਿਆ ਉਸੇ ਖੇਤਰ ਤੋਂ ਬਾਗ਼ੀ ਹੋ ਕੇ ਨਵੀਂ ਕਿਸਮ ਦਾ ਭਾਸ਼ਾਵਿਗਿਆਨ ਸਥਾਪਤ ਕਰਨ ਦੇ ਕਾਰਨ ਸੋਸਿਉਰ ਮਰਨ ਤੋਂ ਬਾਅਦ ਸਤਿਕਾਰੇ ਜਾਂਦੇ ਹਨ। ਸ਼ਾਇਦ ਇਤਿਹਾਸ ਨੇ ਉਹਨਾਂ ਨੂੰ ਉਹ ਕੁਝ ਬਣਾ ਦਿੱਤਾ ਹੈ ਜੋ ਕੁਝ ਬਣਨ ਦੀ ਉਹਨਾਂ ਦੀ ਆਪਣੀ ਕੋਈ ਇੱਛਿਆ ਨਹੀਂ ਸੀ।

**ਨਵੇਂ ਭਾਸ਼ਾਵਿਗਿਆਨ ਦੀ ਸਥਾਪਨਾ**

ਸੋਸਿਉਰ ਨੇ ਸੰਨ 1907 ਤੋਂ 1911 ਤਕ ਜੇਨੀਵਾ ਯੂਨੀਵਰਸਿਟੀ ਵਿਚ ਨਵੀਂ ਕਿਸਮ ਦੇ ਭਾਸ਼ਾਵਿਗਿਆਨ ਦੇ ਤਿੰਨ ਕੋਰਸ ਪੜ੍ਹਾਏ। ਜਾਪਦਾ ਹੈ ਕਿ ਵਿਦਿਆਰਥੀ ਇਹਨਾਂ ਕੋਰਸਾਂ ਤੋਂ ਬਹੁਤ ਪ੍ਰਭਾਵਿਤ ਹੋਏ। ਸੋਸਿਉਰ ਦੇ ਦੇਹਾਂਤ ਤੋਂ ਬਾਅਦ ਇਹਨਾਂ ਵਿਦਿਆਰਥੀਆਂ ਨੇ ਫ਼ੈਸਲਾ ਕੀਤਾ ਕਿ ਉਹਨਾਂ ਦੇ ਗੁਰੂ ਦੇ ਵਿਚਾਰ ਅਤੇ ਸਿਧਾਂਤ ਗੁਰੂ ਦੇ ਨਾਲ ਹੀ ਦਫ਼ਨ ਨਹੀਂ ਹੋਣੇ ਚਾਹੀਦੇ; ਇਹ ਪ੍ਰਕਾਸ਼ਿਤ ਹੋਣੇ ਚਾਹੀਦੇ ਹਨ। ਪਰ ਸੋਸਿਉਰ ਨੇ ਕੋਈ ਖ਼ਾਸ ਕੋਰਸ ਨੋਟ ਸਾਂਭ ਕੇ ਨਹੀਂ ਰੱਖੇ ਸਨ। ਇਸ ਲਈ ਲੈਕਚਰਾਂ ਦੌਰਾਨ ਜੋ ਨੋਟ ਵਿਦਿਆਰਥੀਆਂ ਨੇ ਲਏ ਸਨ ਉਨਾਂ ਵਿਚੋਂ ਮਸਾਲਾ ਇਕੱਠਾ ਕਰ ਕੇ ਜਿੱਥੋਂ ਤਕ ਹੋ ਸਕਿਆ ਲੜੀ ਵਿਚ ਪਿਰੋ ਕੇ ਕਿਤਾਬ ਦੇ ਰੂਪ ਵਿਚ 1916 ਵਿਚ ਪ੍ਰਕਾਸ਼ਿਤ ਕੀਤਾ ਗਿਆ। ਇਹ ਕਿਤਾਬ ਵੀਹਵੀਂ ਸਦੀ ਦੀਆਂ ਸਭਤੋਂ ਪ੍ਰਭਾਵਸ਼ਾਲੀ ਕਿਤਾਬਾਂ ਵਿਚ ਗਿਣੀ ਜਾਂਦੀ ਹੈ। ਮੂਲ ਕਿਤਾਬ ਫ਼੍ਰੈਂਚ ਵਿਚ ਹੈ। ਇਸਦੇ ਅੰਗ੍ਰੇਜ਼ੀ ਅਨੁਵਾਦ ਦਾ ਨਾਂ Course in General Linguistics ਹੈ।

ਹੁਣ ਸਵਾਲ ਇਹ ਹੈ ਕਿ ਸੋਸਿਉਰ ਨੇ ਖ਼ੁਦ ਨਵੀਂ ਕਿਸਮ ਦੇ ਭਾਸ਼ਾਵਿਗਿਆਨ ਬਾਰੇ ਕੋਈ ਕਿਤਾਬ ਜਾਂ ਘੱਟੋ ਘੱਟ ਕੋਈ ਪਰਚਾ ਕਿਉਂ ਨਹੀਂ ਲਿਖਿਆ? ਜਾਪਦਾ ਹੈ ਕਿ ਉਹ ਆਪਣੇ ਵਿਚਾਰਾਂ ਨੂੰ ਸੁਚੱਜੇ ਢੰਗ ਨਾਲ ਗੁੰਦੇ ਹੋਏ ਕਿਸੇ ਠੋਸ ਸਿਧਾਂਤਕ ਸਿਸਟਮ ਦਾ ਰੂਪ ਹਾਲੇ ਨਹੀਂ ਦੇ ਸਕੇ ਸਨ ਕਿ ਕਾਲ ਨੇ ਉਹਨਾਂ ਨੂੰ ਆ ਦਬੋਚਿਆ। ਕਿਤਾਬ ਵਿਚ ਤਰਕ ਦੀ ਗੋਂਦ ਬੜੀ ਢਿੱਲੀ ਹੈ। ਸੋਸਿਉਰ ਦੇ ਆਲੋਚਕ ਬੜੀ ਆਸਾਨੀ ਨਾਲ ਪ੍ਰਸਪਰ ਵਿਰੋਧੀ ਵਿਚਾਰ ਇਸ ਕਿਤਾਬ ਵਿਚੋਂ ਲੱਭ

ਸਕਦੇ ਹਨ। ਕਈ ਥਾਵਾਂ ਤੇ ਦਲੀਲਾਂ ਬੜੀਆਂ ਕੱਚੀਆਂ ਹਨ। ਪਰ ਇਸ ਵਿਚ ਉਹਨਾਂ ਵਿਦਿਆਰਥੀਆਂ ਦਾ ਕੋਈ ਕਸੂਰ ਨਹੀਂ ਜਿਹਨਾਂ ਨੇ ਕਿਤਾਬ ਦਾ ਸੰਪਾਦਨ ਕੀਤਾ।

## ਸੋਸਿਉਰ ਦੇ ਮੂਲ ਸਿਧਾਂਤ

ਸੋਸਿਉਰ ਆਪਣੇ ਸਮੇਂ ਦੇ ਰਵਾਇਤੀ ਭਾਸ਼ਾਵਿਗਿਆਨ ਤੋਂ ਹਟ ਕੇ ਵਿਲੱਖਣ ਕਿਸਮ ਦੇ ਭਾਸ਼ਾਵਿਗਿਆਨ ਦੀ ਸਥਾਪਨਾ ਕਰਨਾ ਚਾਹੁੰਦੇ ਸਨ। ਬਹੁਤੇ ਵਿਦਵਾਨ ਇਹ ਸਮਝਦੇ ਹਨ ਕਿ ਰਵਾਇਤੀ ਭਾਸ਼ਾਵਿਗਿਆਨ ਦੇ ਮੁਕਾਬਲੇ ਉੱਤੇ ਨਵਾਂ ਭਾਸ਼ਾਵਿਗਿਆਨ ਖੜ੍ਹਾ ਕਰਨ ਦਾ ਉਹਨਾਂ ਦਾ ਕੋਈ ਇਰਾਦਾ ਨਹੀਂ ਸੀ। ਉਹ ਨਵੇਂ ਭਾਸ਼ਾਵਿਗਿਆਨ ਨੂੰ ਰਵਾਇਤੀ ਭਾਸ਼ਾਵਿਗਿਆਨ ਦੇ ਨਾਲ ਨਾਲ ਚਲਾਉਣਾ ਚਾਹੁੰਦੇ ਸਨ। ਪਰ ਇਹ ਸਪਸ਼ਟ ਹੈ ਕਿ ਨਵੇਂ ਭਾਸ਼ਾਵਿਗਿਆਨ ਦੇ ਸਿਧਾਂਤ ਰਵਾਇਤੀ ਸਿਧਾਂਤਾਂ ਨਾਲੋਂ ਕਾਫ਼ੀ ਵਿਲੱਖਣ ਕਿਸਮ ਦੇ ਹਨ। ਇਸ ਨਵੇਂ ਭਾਸ਼ਾਵਿਗਿਆਨ ਨੂੰ **ਸੰਰਚਨਾਤਮਕ** ਭਾਸ਼ਾਵਿਗਿਆਨ (ਸਟ੍ਰੱਕਚਰਲ ਇੰਗੁਇਸਟਿਕਸ) ਆਖਿਆ ਜਾਂਦਾ ਹੈ। ਸੋਸਿਉਰ ਦੇ ਸਮੇਂ ਦਾ ਰਵਾਇਤੀ ਭਾਸ਼ਾਵਿਗਿਆਨ **ਤੁਲਨਾਤਮਕ** ਅਤੇ **ਇਤਿਹਾਸਕ** ਸੀ। ਭਾਸ਼ਾ ਜਾਂ ਭਾਸ਼ਾਵਾਂ ਦੇ ਇਤਿਹਾਸਕ ਵਿਕਾਸ ਅਤੇ ਭਾਸ਼ਾਵਾਂ ਦੀ ਤੁਲਨਾ ਇਸ ਭਾਸ਼ਾਵਿਗਿਆਨ ਦੇ ਦੋ ਆਧਾਰ ਸਨ। ਇਸਦੇ ਉਲਟ ਸੋਸਿਉਰ ਦੇ ਨਵੇਂ ਭਾਸ਼ਾਵਿਗਿਆਨ ਦਾ ਆਧਾਰ ਸੰਰਚਨਾ, ਗੋਂਦ ਜਾ ਸਟ੍ਰੱਕਚਰ ਹੈ। ਇਹ ਭਾਸ਼ਾਵਿਗਿਆਨ ਇਤਿਹਾਸਕ ਨਹੀਂ ਸਗੋਂ ਇਕਾਲਕ (synchronic) ਹੈ। ਇਸ ਵਿਚ **ਕਿਸੇ ਇਕ ਸਮੇਂ ਤੇ** ਕਿਸੇ ਭਾਸ਼ਾ ਦੇ ਸਿਸਟਮ ਦੀ ਬਣਤਰ ਦਾ ਅਧਿਐਨ ਕੀਤਾ ਜਾਂਦਾ ਹੈ, ਹਰ ਭਾਸ਼ਾ ਆਪਣੇ ਆਪ ਵਿਚ ਸੰਪੂਰਨ ਸਿਸਟਮ ਹੈ। ਇਸ ਸਿਸਟਮ ਦੇ ਅਧਿਐਨ ਲਈ ਨਾ ਤਾਂ ਇਸ ਸਿਸਟਮ ਦੇ ਇਤਿਹਾਸਕ ਵਿਕਾਸ ਨੂੰ ਜਾਣਨ ਦੀ ਲੋੜ ਹੈ ਅਤੇ ਨਾ ਹੀ ਇਸ ਸਿਸਟਮ ਦੀ ਕਿਸੇ ਹੋਰ ਭਾਸ਼ਾ ਦੇ ਸਿਸਟਮ ਨਾਲ ਤੁਲਨਾ ਕਰਨ ਦੀ ਲੋੜ ਹੈ। (ਇਹ ਗੱਲ ਨਹੀਂ ਕਿ ਸੋਸਿਉਰ ਅਜਿਹਾ ਕਰਨ ਦੀ ਕੋਈ ਮਨਾਹੀ ਕੀਤੀ ਹੋਈ ਹੈ। ਪਰ ਭਾਸ਼ਾ ਦੇ ਸਿਸਟਮ ਦਾ **ਵਿਗਿਆਨਕ** ਅਧਿਐਨ ਅਜਿਹਾ ਕੀਤੇ ਬਗ਼ੈਰ ਵੀ, ਸਗੋਂ ਅਜਿਹਾ ਕੀਤੇ ਬਗ਼ੈਰ **ਹੀ,** ਕੀਤਾ ਜਾ ਸਕਦਾ ਹੈ)। ਮਿਸਾਲ ਦੇ ਤੌਰ ਤੇ, ਵਰਤਮਾਨ ਪੰਜਾਬੀ ਦੇ ਸਿਸਟਮ ਦੇ ਅਧਿਐਨ ਲਈ ਇਹ ਜਾਨਣਾ ਜ਼ਰੂਰੀ ਨਹੀਂ ਕਿ ਪੰਜਾਬੀ ਦਾ ਵਿਕਾਸ ਵੇਦਾਂ ਦੀ ਭਾਸ਼ਾ ਤੋਂ ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਰਾਹੀਂ ਕਿਵੇਂ ਹੋਇਆ। ਨਾ ਹੀ ਪੰਜਾਬੀ ਦੀ ਤੁਲਨਾ ਹਿੰਦੀ ਹਾਂ ਕਿਸੇ ਹੋਰ ਭਾਸ਼ਾ ਨਾਲ ਕਰਨ ਦੀ ਲੋੜ ਹੈ। ਹਰ ਸਿਸਟਮ ਆਪਣੇ ਆਪ ਵਿਚ ਸੰਪੂਰਨ ਹੁੰਦਾ ਹੈ। ਸਿਸਟਮ ਤੋਂ ਬਾਹਰਲੀ ਕਿਸੇ ਵੀ ਹੋਰ ਜਾਣਕਾਰੀ ਦੀ ਵਰਤੋਂ ਉਸ ਸਿਸਟਮ ਅਤੇ ਵਿਸ਼ਲੇਸ਼ਣ ਨੂੰ ਅਵਿਗਿਆਨਕ ਬਣਾ ਦਿੰਦੀ ਹੈ। ਪੰਜਾਬੀ ਭਾਸ਼ਾ ਦੇ ਵਿਆਕਰਣਕ ਢਾਂਚੇ ਦੇ ਅਧਿਐਨ ਲਈ ਪੰਜਾਬੀ ਬੋਲਦੇ ਲੋਕਾਂ ਦੇ ਇਤਿਹਾਸ, ਕਲਚਰ ਅਤੇ ਸਮਾਜਕ ਢਾਂਚੇ ਬਾਰੇ ਕਿਸੇ ਵੀ ਕਿਸਮ ਦੀ ਜਾਣਕਾਰੀ ਦੀ ਲੋੜ ਨਹੀਂ।

## ਚਿੰਨ੍ਹ ਸਿਧਾਂਤ

ਭਾਸ਼ਾ ਦਾ ਹਰ ਸ਼ਬਦ ਚਿੰਨ੍ਹ (ਸਾਈਨ) ਹੁੰਦਾ ਹੈ। ਹਰ ਚਿੰਨ੍ਹ ਦੇ ਦੋ ਪਹਿਲੂ ਹੁੰਦੇ ਹਨ - ਰੂਪ ਅਤੇ ਅਰਥ। ਜਿਵੇਂ 'ਊਠ' ਸ਼ਬਦ ਦਾ ਬੋਲੀ ਰੂਪ ਇਕ ਸ੍ਵਰ 'ਊ' ਅਤੇ ਇਕ ਵਿਅੰਜਨ 'ਠ' ਤੋਂ ਮਿਲਕੇ ਬਣਿਆ ਹੈ। 'ਊਠ' ਦਾ ਲਿਖਤੀ ਰੂਪ ਦੋ ਅੱਖਰਾਂ ਅਤੇ ਇਕ ਲਗ ਦੇ ਮਿਲਣ ਨਾਲ ਬਣਿਆ ਹੈ। ਇਸ ਸ਼ਬਦ ਦਾ ਅਰਥ ਹੈ - "ਭਾਰ ਢੋਣ ਅਤੇ ਸਵਾਰੀ ਦੇ ਕੰਮ ਆਉਣ ਵਾਲਾ ਉਹ ਰੇਗਿਸਤਾਨੀ ਜਾਨਵਰ ਜੋ ਕਿ ...... " । ਯਾਦ ਰਹੇ ਕਿ ਰੂਪ (ਬੋਲੀ ਜਾਂ ਲਿਖਤੀ) ਅਤੇ ਅਰਥ ਦੇ **ਸੰਗਮ** ਨੂੰ ਚਿੰਨ੍ਹ ਆਖਿਆ ਜਾਂਦਾ ਹੈ। ਅਰਥ ਤੋਂ ਬਿਨਾਂ ਰੂਪ ਬੇਅਰਥ ਹੈ ਅਤੇ ਰੂਪ ਤੋਂ ਬਿਨਾਂ ਅਰਥ ਅਰੂਪ ਹੈ। ਰੂਪ ਅਤੇ ਅਰਥ ਇਕੱਲੇ ਇਕੱਲੇ ਰਹਿ ਕੇ ਚਿੰਨ੍ਹ ਨਹੀਂ ਬਣ ਸਕਦੇ। ਜਿਵੇਂ ਸਿੱਕੇ ਦੇ ਦੋਵੇਂ ਪਾਸੇ ਵੱਖ ਨਹੀਂ ਕੀਤੇ ਜਾ ਸਕਦੇ, ਤਿਵੇਂ ਕਿਸੇ ਵੀ ਚਿੰਨ੍ਹ ਦੇ ਦੋਵੇਂ ਪਹਿਲੂ - ਰੂਪ ਅਤੇ ਅਰਥ - ਵੱਖ ਨਹੀਂ ਕੀਤੇ ਜਾ ਸਕਦੇ। ਅਰਥ ਦੇ ਬਾਰੇ ਇਹ ਦੱਸਣਾ ਜ਼ਰੂਰੀ ਹੈ ਕਿ 'ਊਠ' ਦਾ ਅਰਥ ਠੋਸ ਹੱਡ ਮਾਸ ਤੋਂ ਬਣਿਆ ਕੋਈ ਖ਼ਾਸ ਊਠ ਨਹੀਂ, ਸਗੋਂ 'ਊਠਪਣ' ਦਾ ਉਹ ਸੂਖਮ ਸੰਬੋਧ ਹੈ ਜੋ ਪੰਜਾਬੀ ਭਾਸ਼ਾ ਬੋਲਣ ਵਾਲੇ ਲੋਕਾਂ ਦੇ ਮਨਾਂ ਵਿਚ ਵਸਣ ਵਾਲੇ ਸੂਖਮ ਸਾਂਝੇ ਸ਼ਬਦਕੋਸ਼ ਵਿਚ ਦਰਜ ਹੈ।

ਕਿਸੇ ਚਿੰਨ੍ਹ ਦਾ ਰੂਪ ਜਾਂ ਅਰਥ ਕਿਸੇ ਰੱਬੀ ਫ਼ਰਮਾਨ ਜਾਂ ਕੁਦਰਤੀ ਨਿਯਮ ਅਨੁਸਾਰ ਨਹੀਂ, ਸਗੋਂ ਭਾਸ਼ਾ ਬੋਲਣ ਵਾਲੇ ਲੋਕਾਂ ਦੀ ਸਾਂਝੀ ਮਰਜ਼ੀ ਨਾਲ ਨਿਸ਼ਚਿਤ ਹੁੰਦਾ ਹੈ। ਇੱਕੋ ਜਾਨਵਰ ਨੂੰ ਅੰਗਰੇਜ਼ੀ ਵਿਚ ''ਡੌਂਕੀ'' ਅਤੇ ਪੰਜਾਬੀ ਵਿਚ ''ਖੋਤਾ'' ਆਖਿਆ ਜਾਂਦਾ ਹੈ। ਇਹ ਬੋਲਣ ਵਾਲੇ ਲੋਕਾਂ ਦੀ ਮਰਜ਼ੀ ਹੁੰਦੀ ਹੈ ਕਿ ਆਵਾਜ਼ਾਂ ਜਾਂ ਅੱਖਰਾਂ ਦੇ ਸਮੂਹ ਨੂੰ ਕਿਹੜਾ ਅਰਥ ਦੇਣਾ ਹੈ। ਇਸ ਉਤੇ ਕਿਸੇ ਕੁਦਰਤੀ ਨਿਯਮ ਦਾ ਜ਼ੋਰ ਜਾਂ ਅੰਕੁਸ਼ ਨਹੀਂ। ਰੂਪ ਅਤੇ ਅਰਥ ਦਾ ਸੰਬੰਧ - ਭਾਵ ਹਰ ਚਿੰਨ੍ਹ - ਨਿਰੰਕੁਸ਼ ਹੁੰਦਾ ਹੈ। ਦੁਨੀਆਂ ਦੇ ਪਦਾਰਥਾਂ ਦੀ ਭਾਸ਼ਾਈ ਅਰਥਾਂ ਦੇ ਅਨੁਸਾਰ ਵੰਡ ਹਰ ਭਾਸ਼ਾ ਨਿਰੰਕੁਸ਼ ਢੰਗ ਨਾਲ ਕਰਦੀ ਹੈ। ਅੰਗਰੇਜ਼ੀ ਸ਼ਬਦ 'ਅੰਕਲ' ਜਿਹੜੇ ਮਨੁੱਖੀ ਰਿਸ਼ਤਿਆਂ ਨਾਲ ਜੁੜਿਆ ਹੋਇਆ ਹੈ ਉਹਨਾਂ ਲਈ ਪੰਜਾਬੀ ਵਿਚ ਪੰਜ ਸ਼ਬਦ 'ਚਾਚਾ', 'ਤਾਇਆ', 'ਮਾਮਾ', 'ਮਾਸੜ' ਅਤੇ 'ਫੁੱਫੜ' ਹਨ। 'ਮਾਸੜ' ਸ਼ਬਦ ਕੇਵਲ ਮਾਸੀ ਦੇ ਪਤੀ ਲਈ ਹੀ ਨਹੀਂ ਸਗੋਂ ਭੈਣ ਜਾਂ ਭਰਾ ਦੇ ਸਹੁਰੇ ਲਈ ਵੀ ਵਰਤਿਆ ਜਾਂਦਾ ਹੈ। ਇਸ ਰਿਸ਼ਤੇ ਲਈ 'ਫੁੱਫੜ' ਸ਼ਬਦ ਕਿਉਂ ਨਹੀਂ ਵਰਤਿਆ ਜਾਂਦਾ, ਇਸਦਾ ਕੋਈ ਕੁਦਰਤੀ ਕਾਰਨ ਨਹੀਂ, ਕੇਵਲ ਰਵਾਇਤ ਹੀ ਚੱਲੀ ਆਉਂਦੀ ਹੈ। ਅੰਗਰੇਜ਼ੀ ਸ਼ਬਦ 'ਕੈਮਲ' ਦੇ ਮੁਕਾਬਲੇ ਵਿਚ ਪੰਜਾਬੀ ਵਿਚ 'ਊਠ', 'ਊਠਣੀ', 'ਬੋਤਾ' ਅਤੇ 'ਬੋਤੀ' ਚਾਰ ਸ਼ਬਦ ਹਨ, ਅਤੇ ਅਰਬੀ ਵਿਚ 'ਕੈਮਲ' ਦੇ ਮੁਕਾਬਲੇ ਵਿਚ ਕੋਈ ਤਿੰਨ ਕੁ ਸੌ ਸ਼ਬਦ ਦੱਸੇ ਜਾਂਦੇ ਹਨ। ਸੰਰਚਨਾਵਾਦ ਦੇ ਦ੍ਰਿਸ਼ਟੀਕੋਣ ਤੋਂ 'ਚਾਚਾ' ਅਤੇ 'ਅੰਕਲ' ਸ਼ਬਦਾਂ ਦਾ ਅਰਥ ਇਕੋ ਨਹੀਂ ਹੋ ਸਕਦਾ। 'ਅੰਕਲ' ਦਾ ਅਰਥ ਖੇਤਰ 'ਚਾਚਾ' ਦੇ ਅਰਥ ਖੇਤਰ ਨਾਲੋਂ ਪੰਜ ਗੁਣਾ ਜ਼ਿਆਦਾ ਵਿਸ਼ਾਲ ਹੈ। ਸੱਚ ਤਾਂ ਇਹ ਹੈ ਕਿ ਕਿਸੇ ਵੀ ਭਾਸ਼ਾ ਦੇ ਇਕ ਚਿੰਨ੍ਹ ਦੇ ਠੀਕ ਬਰਾਬਰ ਦਾ ਚਿੰਨ੍ਹ ਕਿਸੇ ਦੂਸਰੀ ਭਾਸ਼ਾ ਵਿਚ ਨਹੀਂ ਮਿਲਦਾ। ਹਰ ਅਨੁਵਾਦਕ ਇਹ ਗੱਲ ਚੰਗੀ ਤਰ੍ਹਾਂ ਸਮਝਦਾ ਹੈ।

### ਚਿੰਨ੍ਹਾਂ ਦਾ ਮੁੱਲ

ਨਿਰੇ ਸ਼ਬਦਾਂ ਜਾਂ ਆਵਾਜ਼ਾਂ ਦੇ ਸਮੂਹ ਨੂੰ ਹੀ ਭਾਸ਼ਾ ਨਹੀਂ ਆਖਿਆ ਜਾਂਦਾ। ਹਰ ਭਾਸ਼ਾ ਦੀ ਆਪਣੀ ਖ਼ਾਸ ਗੋਂਦ, ਬਣਤਰ ਜਾਂ ਸਟ੍ਰੱਕਚਰ ਹੁੰਦੀ ਹੈ। ਉਸ ਭਾਸ਼ਾ ਦੇ ਸਿਸਟਮ ਵਿਚ ਹਰ ਆਵਾਜ਼ ਜਾਂ ਸ਼ਬਦ ਦਾ ਆਪਣਾ ਵਿਲੱਖਣ ਸਥਾਨ ਹੁੰਦਾ ਹੈ - ਬਿਲਕੁਲ ਕਿਸੇ ਪਰਿਵਾਰ ਜਾਂ ਸੰਸਥਾ ਦੇ ਮੈਂਬਰ ਵਾਂਗ। ਸਿਸਟਮ ਵਿਚ ਕਿਸੇ ਚਿੰਨ੍ਹ ਦਾ ਸਥਾਨ ਇਸ ਗੱਲ 'ਤੇ ਨਿਰਭਰ ਹੁੰਦਾ ਹੈ ਕਿ ਬਾਕੀ ਸਾਰੇ ਚਿੰਨ੍ਹਾਂ ਨਾਲ ਇਸ ਚਿੰਨ੍ਹ ਦਾ ਕੀ ਸੰਬੰਧ ਹੈ ਕਿਸੇ ਚਿੰਨ੍ਹ ਦਾ ਰੂਪ-ਅਰਥ ਬਾਕੀ ਸਾਰੇ ਚਿੰਨ੍ਹਾਂ ਦੇ ਰੂਪ-ਅਰਥ ਨਾਲੋਂ ਵੱਖਰਾ ਹੋਣ ਕਰਕੇ ਹੀ ਸਿਸਟਮ ਦਾ ਹਿੱਸਾ ਬਣ ਸਕਦਾ ਹੈ। 'ਭੂਰਾ' ਰੰਗ ਭੂਰਾ ਹੋਣ ਕਰਕੇ ਭੂਰਾ ਨਹੀਂ, ਸਗੋਂ ਇਸ ਲਈ ਭੂਰਾ ਹੈ ਕਿ ਇਹ ਕਾਲਾ, ਨੀਲਾ, ਪੀਲਾ, ਹਰਾ ਜਾਂ ਕੋਈ ਹੋਰ ਰੰਗ ਨਹੀਂ। ਇਹੋ ਗੱਲ ਭਾਸ਼ਾ ਦੇ ਬਾਕੀ ਅੰਗਾਂ ਤੇ ਲਾਗੂ ਹੁੰਦੀ ਹੈ। 'ਜ' ਇਸ ਲਈ 'ਜ' ਹੈ ਕਿ ਇਹ 'ਕ', 'ਚ', 'ੜ', 'ਵ' ਜਾਂ ਕੋਈ ਹੋਰ ਆਵਾਜ਼ ਨਹੀਂ। ਅਸਲ ਮਹੱਤਵ ਵਖਰੇਵੇਂ ਦਾ ਹੈ। ਕਿਸੇ ਵੀ ਵਿਅਕਤੀ ਦੀ ਆਵਾਜ਼ ਜਾਂ ਲਿਖਾਈ ਕਿਸੇ ਹੋਰ ਵਿਅਕਤੀ ਦੀ ਆਵਾਜ਼ ਜਾਂ ਲਿਖਾਈ ਨਾਲ ਨਹੀਂ ਮਿਲਦੀ। ਹਰ ਵਿਅਕਤੀ ਦਾ 'ਜ' ਬਾਕੀ ਲੋਕਾਂ ਦੇ 'ਜ' ਨਾਲੋਂ ਵੱਖਰਾ ਹੁੰਦਾ ਹੈ। ਪਰ ਜਿੰਨੀ ਦੇਰ ਇਹ ਉਸ ਵਿਅਕਤੀ ਦੇ ਬਾਕੀ ਅੱਖਰਾਂ ਜਾਂ ਬਾਕੀ ਆਵਾਜ਼ਾਂ ਨਾਲੋਂ ਵੱਖਰਾ ਰਹੇ, ਇਹ 'ਜ' ਹੀ ਰਹੇਗਾ ਅਤੇ ਸਿਸਟਮ ਵਿਚ ਇਹਦਾ ਮੁੱਲ ਕਾਇਮ ਰਹੇਗਾ। ਸੋਸਿਉਰ ਨੇ ਸ਼ਤਰੰਜ ਦੀ ਬਹੁਤ ਸੋਹਣੀ ਮਿਸਾਲ ਦਿੱਤੀ ਹੈ। ਸ਼ਤਰੰਜ ਦੇ ਮੋਹਰੇ ਸੰਗਮਰਮਰ, ਲੱਕੜੀ, ਪਿੱਤਲ, ਪਲਾਸਟਕ, ਗੱਤੇ ਜਾਂ ਕਿਸੇ ਹੋਰ ਚੀਜ਼ ਦੇ ਬਣੇ ਹੋਣ, ਕੋਈ ਫ਼ਰਕ ਨਹੀਂ ਪੈਂਦਾ, ਜਿੰਨੀ ਦੇਰ ਹਰ ਮੋਹਰੇ ਦੀ ਸ਼ਕਲ ਵਿਲੱਖਣ ਹੋਵੇ। ਭਾਰਤ ਵਿਚ ਜਿਸ ਮੋਹਰੇ ਨੂੰ ਵਜ਼ੀਰ ਆਖਿਆ ਜਾਂਦਾ ਹੈ ਉਸੇ ਨੂੰ ਪੱਛਮ ਵਿਚ ਰਾਣੀ ਕਹਿੰਦੇ ਹਨ। ਰਾਣੀ ਅਤੇ ਵਜ਼ੀਰ ਦੀਆਂ ਸ਼ਕਲਾਂ ਵਿਚ ਵੀ ਕਾਫ਼ੀ ਫ਼ਰਕ ਹੁੰਦਾ ਹੈ। ਪਰ ਸਿਸਟਮ ਵਿਚ ਇਹਨਾਂ ਦਾ ਮੁੱਲ ਇਕੋ ਹੈ। ਅਸਲ ਗੱਲ ਮੁੱਲ ਦੀ ਹੈ, ਨਾਂ ਜਾਂ ਸ਼ਕਲ ਦੀ ਨਹੀਂ। ਜੇ ਸ਼ਤਰੰਜ ਦਾ ਘੋੜਾ ਗੁਆਚ ਜਾਏ ਤਾਂ ਇਸਦੀ ਥਾਂ ਤੇ ਕੋਈ ਸਿੱਕਾ, ਬਟਨ ਜਾਂ ਕੁਝ ਹੋਰ ਰੱਖ ਕੇ ਕੰਮ ਚਲਾਇਆ ਜਾ ਸਕਦਾ ਹੈ, ਜੇ ਦੋਵੇਂ ਖਿਲਾੜੀ ਇਸਨੂੰ ਘੋੜਾ ਮੰਨ ਲੈਣ। ਜਿੰਨੀ ਦੇਰ ਘੋੜੇ ਦਾ ਰੂਪ ਅਤੇ ਅਰਥ (ਢਾਈ ਘਰਾਂ ਦੀ ਚਾਲ ਚੱਲਣਾ) ਬਾਕੀ ਦੇ ਮੋਹਰਿਆਂ ਦੇ ਰੂਪ ਅਤੇ ਅਰਥ ਨਾਲੋਂ ਵੱਖਰਾ ਰਹੇਗਾ, ਸਿਸਟਮ ਵਿਚ ਇਹਦਾ ਸਹੀ ਸਥਾਨ ਕਾਇਮ ਰਹੇਗਾ। ਮਹੱਤਵ ਸਿਸਟਮ ਵਿਚ ਰੂਪ ਅਤੇ ਅਰਥ ਦੇ ਵਖਰੇਵੇਂ ਦਾ ਹੈ, ਪਦਾਰਥ ਦਾ ਨਹੀਂ। ਲੰਡਨ ਤੋਂ ਬਰਮਿੰਘਮ ਜਾਣ ਵਾਲੀ 10-35

ਟ੍ਰੇਨ ਦੇ ਇੰਜਨ, ਡੱਬੇ ਅਤੇ ਸਟਾਫ਼ ਬਦਲਦੇ ਰਹਿੰਦੇ ਹਨ। ਕਈ ਵਾਰੀ ਇਹ ਟ੍ਰੇਨ ਠੀਕ 10-35 ਤੇ ਚਲਦੀ ਵੀ ਨਹੀਂ। ਪਰ ਜਿੰਨੀ ਦੇਰ ਇਹਦਾ ਸਿਸਟਮ ਵਿਚ ਬਾਕੀ ਟ੍ਰੇਨਾਂ ਨਾਲੋਂ ਵਖਰੇਵੇਂ ਦਾ ਸੰਬੰਧ ਕਾਇਮ ਰਹੇਗਾ, ਇਹ ਲੰਡਨ-ਬਰਮਿੰਘਮ 10-35 ਟ੍ਰੇਨ ਹੀ ਰਹੇਗੀ। ਸੋਸਿਉਰ ਦਾ ਸਿਧਾਂਤ ਹੈ ਕਿ "ਭਾਸ਼ਾ ਵਿਚ ਸਿਰਫ਼ ਵਖਰੇਵੇਂ ਹੀ ਹੁੰਦੇ ਹਨ।" ਸਥੂਲ ਪਦਾਰਥ ਤੋਂ ਬਣੀ ਵਸਤੂ ਨੂੰ ਨਹੀਂ ਸਗੋਂ ਵਖਰੇਵਿਆਂ ਦੇ ਸੰਬੰਧਾਂ ਦੇ ਸੂਖਮ ਤਾਣੇ ਬਾਣੇ ਨੂੰ ਸਿਸਟਮ ਆਖਿਆ ਜਾਂਦਾ ਹੈ।

## ਪੈਰੇਡਿਗਮੈਟਿਕ ਅਤੇ ਸਿੰਟਿਗਮੈਟਿਕ ਸੰਬੰਧ

ਭਾਸ਼ਾ ਦੇ ਅੰਸ਼ਾਂ ਵਿਚਕਾਰ ਇਹ ਦੋ ਕਿਸਮ ਦੇ ਸੰਬੰਧ ਬਹੁਤ ਹੀ ਮਹਤਵਪੂਰਨ ਹੁੰਦੇ ਹਨ। ਇਹਨਾਂ ਦਾ ਅਰਥ ਸਮਝਾਉਣ ਲਈ ਇਕ ਮਿਸਾਲ ਦੇਣ ਦੀ ਲੋੜ ਹੈ। ਮੈਂ ਚਾਹ ਅਤੇ ਕਾਫ਼ੀ ਇਕੋ ਸਮੇਂ ਨਹੀਂ ਪੀਂਦਾ। ਕਿਸੇ ਇਕ ਵੇਲੇ ਮੈਂ **ਜਾਂ** ਚਾਹ ਪੀਂਦਾ ਹਾਂ **ਜਾਂ** ਕਾਫ਼ੀ। ਮੇਰੇ ਭੋਜਨ ਸਿਸਟਮ ਵਿਚ ਚਾਹ ਅਤੇ ਕਾਫ਼ੀ ਵਿਚਕਾਰ **'ਜਾਂ'** ਦਾ ਸੰਬੰਧ ਹੈ। ਕਿਸੇ ਇਕ ਸਥਿਤੀ ਵਿਚ ਮੈਂ ਦੋਹਾਂ ਵਿਚੋਂ ਇਕ ਨੂੰ ਚੁਣਦਾ ਹਾਂ। ਇਸਦੇ ਉਲਟ ਬਿਸਕੁਟ ਮੈਂ ਚਾਹ ਦੇ ਨਾਲ ਵੀ ਖਾ ਲੈਂਦਾ ਹਾਂ ਅਤੇ ਕਾਫ਼ੀ ਦੇ ਨਾਲ ਵੀ। ਚਾਹ ਅਤੇ ਬਿਸਕੁਟ ਦਾ ਸੰਬੰਧ **'ਅਤੇ'** ਦਾ ਸੰਬੰਧ ਹੈ - ਚਾਹ **ਅਤੇ** ਬਿਸਕੁਟ, ਇਸੇ ਤਰ੍ਹਾਂ ਕਾਫ਼ੀ **ਅਤੇ** ਬਿਸਕੁਟ। 'ਜਾਂ' ਦੇ ਸੰਬੰਧ ਨੂੰ ਪੈਰੇਡਿਗਮੈਟਿਕ ਸੰਬੰਧ, ਅਤੇ 'ਅਤੇ' ਦੇ ਸਬੰਧ ਨੂੰ ਸਿੰਟਿਗਮੈਟਿਕ ਸੰਬੰਧ ਆਖਿਆ ਜਾਂਦਾ ਹੈ। ਉਹਨਾਂ ਚਿੰਨ੍ਹਾਂ ਦੀ ਸੂਚੀ ਨੂੰ ਜਿਹਨਾਂ ਵਿਚ 'ਜਾਂ' ਦਾ ਸੰਬੰਧ ਹੋਵੇ ਅਤੇ ਜਿਸ ਸੂਚੀ ਵਿਚੋਂ ਕਿਸੇ ਇਕ ਚਿੰਨ੍ਹ ਦੀ ਚੋਣ ਕੀਤੀ ਜਾਏ ਉਸ ਸੂਚੀ ਨੂੰ ਪੈਰੇਡਾਈਮ (Paradigm) ਕਿਹਾ ਜਾਂਦਾ ਹੈ। 'ਅਤੇ' ਦਾ ਸੰਬੰਧ ਰਖਣ ਵਾਲੇ ਚਿੰਨ੍ਹਾਂ ਦੀ ਲੜੀ ਨੂੰ ਸਿੰਟੈਗਮਾ (Syntagma) ਕਿਹਾ ਜਾਂਦਾ ਹੈ। ਅਰਥਵਾਨ ਚਿੰਨ੍ਹਾਂ ਦੀ ਲੜੀ ਜਿਸਦਾ ਆਪਣਾ ਵੀ ਅਰਥ ਜਾਂ ਮਹੱਤਵ ਹੋਵੇ, ਸਿੰਟੈਗਮਾ ਹੁੰਦੀ ਹੈ। ਮਿਸਾਲ ਲਈ ਹੇਠ ਲਿਖਿਆ ਵਾਕ ਦੇਖੋ -

| | | |
|---|---|---|
| | ਘੋੜੇ | |
| | ਗਧੇ | |
| ਮੈਂ | ਖੱਚਰ | 'ਤੇ ਬੈਠ ਕੇ ਗਿਆ |
| | ਊਠ | |
| | ਮੋਟਰਸਾਈਕਲ | |

ਇਸ ਵਾਕ ਦੀ ਬਣਤਰ ਅਜਿਹੀ ਹੈ ਕਿ ਡੱਬੇ ਵਿਚ ਦਿੱਤੇ ਗਏ ਸ਼ਬਦਾਂ ਵਿਚੋਂ ਕੇਵਲ ਇਕ ਹੀ ਚੁਣਿਆ ਜਾ ਸਕਦਾ ਹੈ। ਇਹਨਾਂ ਪੰਜ ਸ਼ਬਦਾਂ ਦੀ ਸੂਚੀ ਨੂੰ ਪੈਰੇਡਾਈਮ ਆਖਿਆ ਜਾਏਗਾ, ਅਤੇ ਇਹਨਾਂ ਵਿਚਕਾਰ ਜੋ ਸੰਬੰਧ ਹੈ ਉਹ ਪੈਰੇਡਿਗਮੈਟਿਕ ਹੈ। ਇਹਨਾਂ ਪੰਜਾਂ ਵਿਚੋਂ ਇਕ ਦੀ ਵਰਤੋਂ ਨਾਲ ਜੋ ਵਾਕ ਬਣੇਗਾ (ਜਿਵੇਂ "ਮੈਂ ਘੋੜੇ 'ਤੇ ਬੈਠ ਕੇ ਗਿਆ") ਉਹ ਸਿੰਟੈਗਮਾ ਹੈ। ਸਿੰਟੈਗਮੇ ਵਿਚ ਵਰਤੇ ਗਏ ਚਿੰਨ੍ਹਾਂ ਵਿਚਕਾਰ ਸਿੰਟਿਗਮੈਟਿਕ ਸੰਬੰਧ ਹੈ। ਇਹੋ ਹਾਲ ਭਾਸ਼ਾ ਦੀਆਂ ਆਵਾਜ਼ਾਂ ਦਾ ਹੈ।'ਕੱਟ', 'ਚੱਟ', 'ਜੱਟ', 'ਮੱਟ', 'ਸੱਟ' ਆਦਿ ਵੱਖ ਵੱਖ ਸ਼ਬਦ ਹਨ। ਪਰ ਇਹਨਾਂ ਵਿਚ ਇਕ ਇਕ ਆਵਾਜ਼ ਦਾ ਹੀ ਫ਼ਰਕ ਹੈ, ਇਕ ਆਵਾਜ਼ ਬਦਲਣ ਨਾਲ 'ਜੱਟ' ਤੋਂ 'ਮੱਟ' ਜਾਂ 'ਚੱਟ' ਬਣ ਸਕਦਾ ਹੈ। ਇਸੇ ਕਰਕੇ ਹੀ 'ਜ', 'ਮ', 'ਚ' ਆਦਿ ਵੱਖਰੀਆਂ ਆਵਾਜ਼ਾਂ ਹਨ। ਇਹਨਾਂ ਦਾ ਸੰਬੰਧ ਪੈਰੇਡਿਗਮੈਟਿਕ ਅਰਥਾਤ 'ਜਾਂ' ਦਾ ਹੈ। ਪਰ ਇਹਨਾਂ ਵਿਚ 'ਅਤੇ' ਦਾ ਸੰਬੰਧ ਅਰਥਾਤ ਸਿੰਟਿਗਮੈਟਿਕ ਸੰਬੰਧ ਵੀ ਹੈ। ਇਹਨਾਂ ਦੇ ਮਿਲਣ ਨਾਲ 'ਜਚ', 'ਮਚ', 'ਜਮ' ਆਦਿ ਸ਼ਬਦ ਬਣਦੇ ਹਨ। ਭਾਸ਼ਾ ਵਿਚ ਆਵਾਜ਼ਾਂ ਦਾ ਆਪਣਾ ਸਿਸਟਮ ਹੈ। ਇਸ ਸਿਸਟਮ ਵਿਚਲੇ ਅੰਸ਼ਾਂ ਵਿਚ ਦੋਵੇਂ ਕਿਸਮਾਂ ਦੇ ਸੰਬੰਧ ਹਨ। ਆਵਾਜ਼ਾਂ ਮਿਲਣ ਨਾਲ ਸ਼ਬਦ ਬਣਦੇ ਹਨ। ਸ਼ਬਦਾਂ ਦਾ ਵੀ ਸਿਸਟਮ ਹੁੰਦਾ ਹੈ। ਸ਼ਬਦ-ਸਿਸਟਮ ਦਾ ਪੱਧਰ ਆਵਾਜ਼ਾਂ ਦੇ ਸਿਸਟਮ ਨਾਲੋਂ ਉੱਚਾ ਹੁੰਦਾ ਹੈ ਕਿਉਂਕਿ ਆਵਾਜ਼ਾਂ ਦੇ ਮਿਲਣ ਨਾਲ ਸ਼ਬਦ ਬਣਦੇ ਹਨ। ਇਸੇ ਤਰ੍ਹਾਂ ਹਰ ਭਾਸ਼ਾ ਵਿਚ ਕਈ ਸਿਸਟਮ ਹੁੰਦੇ ਹਨ ਅਤੇ ਹਰ ਸਿਸਟਮ ਦਾ ਆਪਣਾ ਪੱਧਰ ਹੁੰਦਾ

ਹੈ। ਹਰ ਪੱਧਰ ਤੇ ਭਾਸ਼ਾ ਦੇ ਅੰਸ਼ ਆਪਣੇ ਤੋਂ ਇਕ ਥਾਂ ਨੀਵੇਂ ਪੱਧਰ ਦੇ ਅੰਸ਼ਾਂ ਦੇ ਮਿਲਣ ਨਾਲ ਬਣਦੇ ਹਨ। ਭਾਸ਼ਾ ਦੇ ਅੰਸ਼ਾਂ ਦੀ ਪਛਾਣ ਅਤੇ ਮੁੱਲ ਉਹਨਾਂ ਦੇ ਸਿਰਫ਼ ਆਪਣੇ ਪੱਧਰ 'ਤੇ ਬਾਕੀ ਸਾਰੇ ਅੰਸ਼ਾਂ ਨਾਲੋਂ ਵੱਖਰੇ ਹੋਣ ਨਾਲ ਹੀ ਨਹੀਂ, ਸਗੋਂ ਇਸ ਗੱਲ ਨਾਲ ਵੀ ਬਣਦਾ ਹੈ ਕਿ ਉਹ ਆਪਣੀ ਪੱਧਰ ਦੇ ਬਾਕੀ ਅੰਸ਼ਾਂ ਨਾਲ ਮਿਲ ਕੇ ਆਪਣੇ ਤੋਂ ਉਚੇਰੀ ਪੱਧਰ ਦੇ ਅੰਸ਼ਾਂ ਦਾ ਨਿਰਮਾਣ ਵੀ ਕਰ ਸਕਦੇ ਹਨ।

ਸੋਸਿਉਰ ਦੇ ਸੰਰਚਨਾਵਾਦ ਦਾ ਸਾਰ ਇਹੋ ਹੈ ਕਿ ਭਾਸ਼ਾ ਸਿਰਫ਼ ਉਹਨਾਂ ਅੰਸ਼ਾਂ ਦਾ ਸਿਸਟਮ ਹੀ ਨਹੀਂ ਜਿਹਨਾਂ ਦੀ ਹੋਂਦ ਅਤੇ ਪਛਾਣ ਇਕ ਦੂਸਰੇ ਤੋਂ ਵੱਖਰੇ ਹੋਣ ਕਾਰਨ ਹੁੰਦੀ ਹੈ, ਸਗੋਂ ਨਾਲ ਹੀ ਨਾਲ ਇਹ ਅਜਿਹਾ ਸਿਸਟਮ ਵੀ ਹੈ ਜਿਸ ਵਿਚ ਕਈ ਪੱਧਰ ਹੁੰਦੇ ਹਨ ਅਤੇ ਹਰ ਪੱਧਰ ਉਤੇ ਭਾਸ਼ਾ ਦੇ ਅੰਸ਼ ਮਿਲ ਕੇ ਅਗਲੇ ਉਚੇਰੀ ਪੱਧਰ ਦੇ ਅੰਸ਼ਾਂ ਨੂੰ ਸਿਰਜਦੇ ਹਨ।

ਜੇ ਸੰਰਚਨਾਵਾਦ ਦਾ ਅਰਥ ਸਿਰਫ਼ ਇੰਨਾ ਹੀ ਹੋਵੇ ਤਾਂ ਅੱਜ ਦਾ ਕੋਈ ਵੀ ਭਾਸ਼ਾਵਿਗਿਆਨੀ ਅਜਿਹਾ ਨਹੀਂ ਜੋ ਸੰਰਚਨਾਵਾਦੀ ਨਹੀਂ। ਪਰ ਸੋਸਿਉਰ ਦੇ ਸੰਰਚਨਾਵਾਦ ਵਿਚ ਹੋਰ ਵੀ ਕਈ ਕੁਝ ਹੈ ਜੋ ਸਰਬ-ਪਰਵਾਨਤ ਨਹੀਂ।

**ਭਾਸ਼ਾ ਅਤੇ ਬੋਲੀ**

ਸੋਸਿਉਰ ਭਾਸ਼ਾ (ਲੈਂਗ) ਅਤੇ ਬੋਲੀ (ਪੈਰੋਲ) ਵਿਚ ਬਹੁਤ ਹੀ ਮਹਤਵਪੂਰਨ ਅੰਤਰ ਦੱਸਦੇ ਹਨ। ਭਾਸ਼ਾ (ਲੈਂਗ) ਨਿਯਮਾਂ ਅਤੇ ਸੰਬੰਧਾਂ ਦੇ ਸੂਖਮ ਤਾਣੇਬਾਣੇ ਨੂੰ ਕਿਹਾ ਜਾਂਦਾ ਹੈ ਜਿਸ ਵਿਚ ਸਿਰਫ਼ ਫ਼ਰਕ ਹੀ ਫ਼ਰਕ ਹੁੰਦੇ ਹਨ। ਇਹਨਾਂ ਨਿਯਮਾਂ ਅਤੇ ਸੰਬੰਧਾਂ ਅਨੁਸਾਰ ਜੋ ਬੋਲਿਆ ਜਾਂ ਲਿਖਿਆ (ਜਾਂ ਸੁਣਿਆ ਜਾਂ ਪੜ੍ਹਿਆ) ਜਾਂਦਾ ਹੈ ਉਹ ਬੋਲੀ (ਪੈਰੋਲ) ਹੈ। ਭਾਸ਼ਾ ਸਾਰੇ ਸਮਾਜ ਦੀ ਸਾਂਝੀ ਜਾਇਦਾਦ ਹੁੰਦੀ ਹੈ। ਪਰ ਬੋਲੀ ਖ਼ਾਸ ਮੌਕੇ ਤੇ ਬੋਲਣ ਜਾਂ ਲਿਖਣ ਵਾਲੇ ਵਿਅਕਤੀ ਦੀ ਪ੍ਰਕ੍ਰਿਆ ਅਤੇ ਇਸ ਪ੍ਰਕ੍ਰਿਆ ਦੀ ਉਪਜ ਦਾ ਨਾਂ ਹੈ। ਭਾਸ਼ਾ ਵਿਗਿਆਨ ਸਿਰਫ਼ ਭਾਸ਼ਾ (ਲੈਂਗ) ਦੇ ਸੂਖਮ ਸਿਸਟਮ ਦਾ ਹੀ ਅਧਿਐਨ ਕਰਦਾ ਹੈ। ਬੋਲੀ (ਪੈਰੋਲ) ਦਾ ਅਧਿਐਨ ਕਰਨਾ ਭਾਸ਼ਾਵਿਗਿਆਨ ਦਾ ਕੰਮ ਨਹੀਂ।

**ਭਾਸ਼ਾ ਵਿਗਿਆਨ ਅਤੇ ਚਿੰਨ੍ਹ ਵਿਗਿਆਨ**

ਸੋਸਿਊਰ ਦੇ ਅਨੁਸਾਰ ਚਿੰਨ੍ਹ ਸਿਰਫ਼ ਭਾਸ਼ਾ ਵਿਚ ਹੀ ਨਹੀਂ ਮਿਲਦੇ ਸਗੋਂ ਸਾਰੇ ਮਨੁੱਖੀ ਸਿਸਟਮਾਂ ਵਿਚ ਮਿਲਦੇ ਹਨ। ਕਲਚਰ ਹੋਰ ਕੁਝ ਨਹੀਂ ਕੇਵਲ ਚਿੰਨ੍ਹਾਂ ਦਾ ਸਿਸਟਮ ਹੈ। ਟ੍ਰੈਫ਼ਿਕ ਲਾਈਟਾਂ, ਈਸਾਈ ਧਰਮ ਦਾ ਕ੍ਰਾਸ, ਸਿੱਖ ਧਰਮ ਦਾ ਖੰਡਾ, ਨਮਸਕਾਰ ਕਰਦੇ ਸਮੇਂ ਹੱਥ ਜੋੜਨਾ, ਗੁਰਦੁਆਰੇ ਅੰਦਰ ਸਿਰ ਕੱਜ ਕੇ ਜਾਣਾ, ਚਰਚ ਦੇ ਅੰਦਰ ਜਾ ਕੇ ਟੋਪੀ ਲਾਹੁਣਾ, ਵਿਆਹ ਸਮੇਂ ਲਾੜੇ ਦਾ ਸਿਹਰਾ ਬੰਨ੍ਹ ਕੇ ਅਤੇ ਕਿਰਪਾਨ ਫੜਕੇ ਘੋੜੀ ਤੇ ਬੈਠਣਾ, ਕਿਸੇ ਦਾ ਮੂੰਹ ਕਾਲਾ ਕਰਕੇ ਉਹਨੂੰ ਖੋਤੇ ਤੇ ਬਿਠਾਉਣਾ - ਇਹ ਸਭ ਚਿੰਨ੍ਹ ਹਨ। ਹਰ ਚਿੰਨ੍ਹ ਦਾ ਆਪਣਾ ਰੂਪ ਅਤੇ ਅਰਥ ਹੁੰਦਾ ਹੈ। ਇਹ ਚਿੰਨ੍ਹ ਨਿਰੰਕੁਸ਼ ਹਨ। ਇਹਨਾਂ ਦੇ ਰੂਪ ਅਤੇ ਅਰਥ ਦਾ ਸੰਬੰਧ ਕੁਦਰਤੀ ਨਹੀਂ ਸਗੋਂ, ਸਮਾਜਕ ਅਤੇ ਰਵਾਇਤੀ ਹੁੰਦਾ ਹੈ। ਈਸਾਈ ਚਰਚ ਵਿਚ ਲਗਭਗ ਉਹੋ ਅਰਥ ਟੋਪੀ ਲਾਹ ਕੇ ਪ੍ਰਗਟਾਇਆ ਜਾਂਦਾ ਹੈ ਹੋ ਅਰਥ ਗੁਰਦੁਆਰੇ ਅੰਦਰ ਸਿਰ ਕੱਜ ਕੇ। ਸੋਸਿਉਰ ਦਾ ਵਿਚਾਰ ਸੀ ਕਿ ਸਾਰੇ ਦੇ ਸਾਰੇ ਮਨੁੱਖੀ ਚਿੰਨ੍ਹਾਂ ਦਾ ਅਧਿਐਨ ਕਰਨ ਲਈ ਇਕ ਵਿਗਿਆਨ ਹੋਣਾ ਚਾਹੀਦਾ ਹੈ, ਜਿਸਨੂੰ ਉਹਨਾਂ ਨੇ ਚਿੰਨ੍ਹ ਵਿਗਿਆਨ (Semiology ਜਾਂ Semiotics) ਦਾ ਨਾਂ ਦਿੱਤਾ। ਪਰ ਸੋਸਿਉਰ ਨੇ ਇਸ ਵਿਗਿਆਨ ਦੀ ਸਥਾਪਨਾ ਦਾ ਕੇਵਲ ਸੁਪਨਾ ਹੀ ਲਿਆ ਸੀ। ਉਹ ਸਮਝਦੇ ਸਨ ਕਿ ਜੋ ਸਿਧਾਂਤ ਉਹਨਾਂ ਨੇ ਭਾਸ਼ਾ ਵਿਗਿਆਨ ਵਿਚ ਸਥਾਪਤ ਕੀਤੇ ਹੈ ਉਹਨਾਂ ਸਿਧਾਂਤਾਂ ਅਨੁਸਾਰ ਸਾਰੇ ਮਨੁੱਖੀ ਚਿੰਨ੍ਹਾਂ ਦਾ ਵਿਸ਼ਲੇਸ਼ਣ ਅਤੇ ਅਧਿਐਨ ਕੀਤਾ ਜਾ ਸਕਦਾ ਹੈ। ਭਾਸ਼ਾਵਿਗਿਆਨਕ ਵਿਸ਼ਲੇਸ਼ਣ ਆਦਰਸ਼ ਵਿਸ਼ਲੇਸ਼ਣ ਹੈ ਕਿਉਂਕਿ ਕੇਵਲ ਭਾਸ਼ਾ ਵਿਚ ਹੀ ਸ਼ੁੱਧ, ਸਰਲ ਅਤੇ ਸਪਸ਼ਟ ਚਿੰਨ੍ਹ ਮਿਲਦੇ ਹਨ। ਇਸ ਲਈ ਭਾਸ਼ਾਵਿਗਿਆਨਕ ਅਧਿਐਨ ਵਿਧੀ ਬਾਕੀ

ਸਭ ਚਿੰਨ੍ਹ ਸਿਸਟਮਾਂ ਭਾਵ ਮਨੁੱਖੀ ਵਿਗਿਆਨ ਦੇ ਖੇਤਰਾਂ ਵਿਚ ਵਰਤਣ ਲਈ ਆਦਰਸ਼ ਵਿਧੀ ਹੈ। ਸੋਸਿਉਰ ਦਾ ਸੁਪਨਾ ਪੂਰਾ ਹੋ ਰਿਹਾ ਹੈ। ਚਿੰਨ੍ਹ ਵਿਗਿਆਨ ਹੋਂਦ ਵਿਚ ਆ ਚੁੱਕਿਆ ਹੈ, ਅਤੇ ਸੋਸਿਉਰ ਦੇ ਸਿਧਾਂਤ ਭਾਸ਼ਾ ਵਿਗਿਆਨ ਤੋਂ ਅਲਾਵਾ ਹੋਰ ਕਈ ਖੇਤਰਾਂ ਵਿਚ ਵਰਤੇ ਜਾਂਦੇ ਹਨ - ਜਿਵੇਂ ਸਾਹਿਤਕ ਆਲੋਚਨਾ, ਸਮਾਜਵਿਗਿਆਨ, ਮਾਨਵਵਿਗਿਆਨ , ਮਨੋਵਿਗਿਆਨ ਆਦਿ। ਪਰ ਇਹਨਾਂ ਖੇਤਰਾਂ ਦਾ ਲੇਖਾ ਜੋਖਾ ਕਰਨਾ ਇਸ ਲੇਖ ਦਾ ਮੰਤਵ ਨਹੀਂ।

**ਸੋਸਿਉਰ ਦੇ ਸੰਰਚਨਾਵਾਦ ਦੀ ਆਲੋਚਨਾ - ਮੇਰੇ ਦ੍ਰਿਸ਼ਟੀਕੋਣ ਤੋਂ**

ਜਿਵੇਂ ਕਿ ਮੈਂ ਪਹਿਲਾਂ ਕਹਿ ਚੁਕਿਆ ਹਾਂ, ਅੱਜ ਸ਼ਾਇਦ ਕੋਈ ਵੀ ਐਸਾ ਭਾਸ਼ਾਵਿਗਿਆਨੀ ਨਹੀਂ ਜੋ ਸੰਰਚਨਾਵਾਦੀ ਨਹੀਂ, ਜੇ ਸੰਰਚਨਾਵਾਦ ਨੂੰ ਭਾਸ਼ਾ ਦੇ ਅੰਸ਼ਾਂ ਵਿਚਕਾਰਲੇ ਸੰਬੰਧਾਂ ਅਤੇ ਭਾਸ਼ਾ ਦੇ ਅਨੇਕ ਪੱਧਰਾਂ ਅਤੇ ਉਹਨਾਂ ਪੱਧਰਾਂ ਤੇ ਅੰਸ਼ਾਂ ਦੀ ਬਣਤਰ ਤਕ ਹੀ ਸੀਮਿਤ ਰੱਖੀਏ। ਪਰ ਅੱਜ ਸ਼ਾਇਦ ਕੋਈ ਵੀ ਅਜਿਹਾ ਭਾਸ਼ਾਵਿਗਿਆਨੀ ਨਹੀਂ ਜੋ ਸ਼ੁੱਧ ਸੋਸਿਉਰਵਾਦੀ ਹੋਵੇ। ਪਰ ਸੋਸਿਉਰ ਦੀ ਮਹਾਨਤਾ ਅਤੇ ਉਹਨਾਂ ਦੀ ਆਧੁਨਿਕ ਭਾਸ਼ਾਵਿਗਿਆਨ ਨੂੰ ਦੇਣ ਜੋ ਦੇਣ ਹੈ ਉਹਦੇ ਬਾਰੇ ਕੋਈ ਕਿੰਤੂ ਕੀਤਾ ਹੀ ਨਹੀਂ ਜਾ ਸਕਦਾ।

ਪਰ ਇੱਥੇ ਮੈਂ ਇਹ ਵੀ ਦੱਸਣਾ ਜ਼ਰੂਰੀ ਸਮਝਦਾ ਹਾਂ ਕਿ ਭਾਰਤੀ ਭਾਸ਼ਾਵਿਗਿਆਨੀਆਂ ਲਈ ਸੋਸਿਉਰ ਦੇ ਵਿਚਾਰ ਕੋਈ ਨਵੀਂ ਗੱਲ ਨਹੀਂ। ਈਸਾ ਤੋਂ ਛੇ ਜਾਂ ਸੱਤ ਸਦੀਆਂ ਪਹਿਲਾਂ ਸੰਸਕ੍ਰਿਤ ਦਾ ਵਿਆਕਰਣ ਰਚਣ ਵਾਲੇ ਪਾਨਿਨੀ (ਜੋ ਪੰਜਾਬੀ ਸਨ) ਦਾ ਦ੍ਰਿਸ਼ਟੀਕੋਣ ਅਤੇ ਕਾਰਜਵਿਧੀ ਬਹੁਤ ਹਦ ਤਕ ਸੋਸਿਉਰ ਦੇ ਦ੍ਰਿਸ਼ਟੀਕੋਣ ਅਤੇ ਕਾਰਜਵਿਧੀ ਨਾਲ ਮੇਲ ਖਾਂਦੇ ਸਨ। ਪਾਨਿਨੀ ਅੱਜ ਤਕ ਦੁਨੀਆਂ ਦੇ ਸਭ ਤੋਂ ਮਹਾਨ ਭਾਸ਼ਾਵਿਗਿਆਨੀ ਮੰਨੇ ਜਾਂਦੇ ਹਨ। ਤੀਸਰੀ ਸਦੀ ਈਸਵੀ ਪੂਰਬ ਵਿਚ ਪਤੰਜਲੀ ਨੇ ਅਤੇ ਪੰਜਵੀਂ ਸਦੀ ਈਸਵੀ ਵਿਚ ਭਰਤ੍ਰੀਹਰੀ (ਭਰਥਰੀ) ਨੇ ਸ਼ਬਦ ਅਤੇ ਅਰਥ ਦੇ ਸੰਬੰਧ ਬਾਰੇ ਉਹੋ ਕੁਝ ਕਿਹਾ ਸੀ ਜੋ ਸੋਸਿਉਰ ਨੇ ਵੀਹਵੀਂ ਸਦੀ ਵਿਚ ਕਿਹਾ। ਸੋਸਿਉਰ ਸੰਸਕ੍ਰਿਤ ਦੇ ਪ੍ਰੋਫ਼ੈਸਰ ਸਨ। ਹੋ ਸਕਦਾ ਹੈ ਕਿ ਉਹਨਾਂ ਨੇ ਆਪਣੇ ਕਈ ਵਿਚਾਰ ਪ੍ਰਾਚੀਨ ਭਾਰਤੀ ਭਾਸ਼ਾਵਿਗਿਆਨੀਆਂ ਤੋਂ ਗ੍ਰਹਿਣ ਕੀਤੇ ਹੋਣ।

ਪਰ ਪ੍ਰਾਚੀਨ ਭਾਰਤੀ ਭਾਸ਼ਾਵਿਗਿਆਨੀਆਂ ਅਤੇ ਸੋਸਿਉਰ ਵਿਚ ਬਹੁਤ ਵੱਡਾ ਫ਼ਰਕ ਵੀ ਹੈ। ਭਾਰਤੀ ਭਾਸ਼ਾਵਿਗਿਆਨੀਆਂ ਨੇ ਭਾਸ਼ਾ ਨੂੰ ਸਮਾਜ ਅਤੇ ਲੋਕਾਂ ਦੀ ਬੋਲੀ ਤੋਂ ਦੂਰ ਲਿਜਾ ਕੇ ਨਿਰੇ ਸੂਖਮ ਸਿਸਟਮ ਦੇ ਰੂਪ ਵਿਚ ਕਦੇ ਨਹੀਂ ਵਿਚਾਰਿਆ। ਭਰਤ੍ਰੀਹਰੀ ਨੇ ਤਾਂ ਲੋਕ-ਵਿਵਹਾਰ ਵਿਚ ਵਰਤੀਂਦੀ ਬੋਲੀ ਦੇ ਅਧਿਐਨ ਨੂੰ ਹੀ ਵਿਆਕਰਣ ਸ਼ਾਸਤ੍ਰ ਦਾ ਨਾਂ ਦਿੱਤਾ ਹੈ। ਉਹ ਕਹਿੰਦੇ ਹਨ ਕਿ ਜਦ ਤਕ ਭਾਸ਼ਾ ਨੂੰ ਅਸਲ ਜ਼ਿੰਦਗੀ ਵਿਚ ਵਰਤਿਆ ਨਹੀਂ ਜਾਂਦਾ ਇਸਦਾ ਕੋਈ ਅਰਥ ਨਹੀਂ ਹੁੰਦਾ। ਅਰਥ ਵਖਰੇਵਿਆਂ ਦੇ ਸਿਸਟਮ ਵਿਚੋਂ ਨਹੀਂ, ਸਗੋਂ ਜੀਵਨ ਵਿਚ ਭਾਸ਼ਾ ਦੇ ਪ੍ਰਯੋਗ ਵਿਚੋਂ ਪੈਦਾ ਹੁੰਦਾ ਹੈ। ਭਾਸ਼ਾ ਦੇ ਸੂਖਮ ਸਿਸਟਮ (ਅਰਥਾਤ ਲੈਂਗ) ਦਾ ਜਿੰਨਾ ਡੂੰਘਾ ਅਤੇ ਸੂਖਮ ਅਧਿਐਨ ਪਾਨਿਨੀ ਕਰ ਗਏ ਹਨ ਉਹਦੇ ਮੁਕਾਬਲੇ ਦਾ ਕੰਮ ਕਿਸੇ ਹੋਰ ਭਾਸ਼ਾ ਲਈ ਕੋਈ ਅੱਜ ਤਕ ਨਹੀਂ ਕਰ ਸਕਿਆ, ਪਰ ਇਸਦੇ ਨਾਲ ਨਾਲ ਜ਼ਿੰਦਗੀ ਵਿਚ ਵਰਤੀਂਦੀ ਬੋਲੀ (ਪੈਰੋਲ) ਦਾ ਐਨੀ ਮਹਾਰਤ ਨਾਲ ਅਧਿਐਨ ਕਰਕੇ ਦੋਹਾਂ ਦਾ ਸੁਮੇਲ ਕਰਨਾ - ਇਹ ਭਾਰਤੀ ਭਾਸ਼ਾਵਿਗਿਆਨੀਆਂ ਦਾ ਹੀ ਕਮਾਲ ਹੈ। ਭਾਸ਼ਾਵਿਗਿਆਨੀਆਂ ਲਈ ਲੈਂਗ ਦੇ ਸਿਸਟਮ ਵਿਚ ਜਾ ਲੁਕਣਾ ਜ਼ਰੂਰੀ ਨਹੀਂ।

ਇਹ ਯਾਦ ਰੱਖਣ ਦੀ ਲੋੜ ਹੈ ਕਿ ਸੋਸਿਉਰ ਨੇ ਆਪਣੇ ਲੈਕਚਰ ਪਹਿਲੀ ਵਿਸ਼ਵ ਜੰਗ ਤੋਂ ਕੁਝ ਸਾਲ ਪਹਿਲਾਂ ਦਿੱਤੇ ਸਨ, ਜਦ ਯੂਰਪੀ ਪੂੰਜੀਵਾਦ ਆਪਣੇ ਸੰਕਟ ਦੇ ਸਿਖਰ ਤੇ ਪਹੁੰਚ ਗਿਆ ਸੀ ਅਤੇ ਪਹਿਲੀ ਵਿਸ਼ਵ ਜੰਗ ਦੇ ਰੂਪ ਵਿਚ ਇਸ ਸੰਕਟ ਦਾ ਜੁਆਲਾਮੁਖੀ ਫਟਣ ਹੀ ਵਾਲਾ ਸੀ। ਇਸ ਬੌਧਿਕ ਹੁੰਮ੍ਹ ਵਿਚੋਂ ਭੱਜ ਕੇ ਸੂਖਮ ਚਿੰਨ੍ਹਾਂ ਦੀ ਦੁਨੀਆਂ ਵਿਚ ਸ਼ਰਨ ਢੂੰਡਣ ਵਾਲੇ ਸੋਸਿਉਰ ਇਕੱਲੇ ਨਹੀਂ ਸਨ। ਉਸੇ ਸਮੇਂ ਦੇ ਕਈ ਸਿਰਕੱਢ ਬੁੱਧੀਜੀਵੀ ਇਹੋ ਕੁਝ ਕਰ ਰਹੇ ਸਨ। ਮਾਰਕਸ ਨੇ ਪੂੰਜੀਵਾਦੀ ਬੌਧਿਕਤਾ ਦੀਆਂ ਜਿਹਨਾਂ ਦੋ ਬੀਮਾਰੀਆਂ ਦਾ ਜ਼ਿਕਰ ਕੀਤਾ ਹੈ ਉਹ ਸੋਸਿਉਰ ਦੀ ਸੋਚਣੀ

ਵਿਚ ਪੂਰੀ ਤਰ੍ਹਾਂ ਪ੍ਰਗਟ ਹੁੰਦੀਆਂ ਹਨ। ਇਹ ਬੀਮਾਰੀਆਂ ਹਨ ਵਸਤੂਕਰਨ (Reification) ਅਤੇ ਵਿਯੋਗੀਕਰਨ (Alienation). ਫਿਰ ਪੱਛਮੀ ਸੋਚਣੀ ਨੂੰ ਅਫ਼ਲਾਤੂਨੀ ਵਿਚਾਰਵਾਦ ਜਾਂ ਆਦਰਸ਼ਵਾਦ (Platonic Idealism) ਦਾ ਜਿੰਨ ਵੀ ਨਹੀਂ ਛੱਡਦਾ। ਅਫ਼ਲਾਤੂਨੀ ਵਿਚਾਰਵਾਦ ਜਾਂ ਆਦਰਸ਼ਵਾਦ ਅਨੁਸਾਰ ਜੋ ਸੰਸਾਰ ਸਾਨੂੰ ਦਿਸਦਾ ਹੈ ਉਹ ਅਪੂਰਨ ਹੈ, ਪੂਰਨ ਜਾਂ ਆਦਰਸ਼ ਨਹੀਂ। ਇਸ ਅਪੂਰਨਤਾ ਤੋਂ ਭੱਜ ਕੇ ਇਸਦੇ ਪਿੱਛੇ ਲੁਕੀ ਪੂਰਨਤਾ ਦੀ ਕਲਪਨਾ ਕਰਨਾ ਅਤੇ ਇਹ ਕਹਿਣਾ ਕਿ ਅਪੂਰਨ ਸੰਸਾਰ ਅਫ਼ਲਾਤੂਨੀ ਸਵਰਗ ਵਿਚ ਸਥਿਤ ਪੂਰਨ ਅਤੇ ਆਦਰਸ਼ ਸੰਸਾਰ ਦਾ ਪਰਛਾਵਾਂ ਮਾਤ੍ਰ ਹੈ - ਇਹ ਹੈ ਅਫ਼ਲਾਤੂਨੀ ਆਦਰਸ਼ਵਾਦ। ਇਹ ਆਦਰਸ਼ਵਾਦ ਅਫ਼ਲਾਤੂਨ ਤੋਂ ਲੈ ਕੇ ਹੁਣ ਤਕ ਪੱਛਮੀ ਸੋਚਣੀ ਵਿਚ ਕਈ ਵਾਰ ਪ੍ਰਗਟ ਹੋ ਚੁੱਕਾ ਹੈ। ਹਰ ਰੂਪ ਵਿਚ ਇਹਦੀ ਸਿੱਖਿਆ ਇਹੋ ਹੈ ਕਿ ਅਪੂਰਨਤਾਵਾਂ ਦੇ ਪਿੱਛੇ ਲੁਕੀਆਂ ਆਦਰਸ਼ ਪੂਰਨਤਾਵਾਂ ਦਾ ਅਧਿਐਨ, ਵਿਸ਼ਲੇਸ਼ਣ ਅਤੇ ਚਿੰਤਨ ਕਰਨਾ ਹੀ ਵਿਗਿਆਨਕਾਂ, ਫ਼ਿਲਾਸਫ਼ਰਾਂ ਅਤੇ ਬੁੱਧੀਜੀਵੀਆਂ ਦਾ ਕੰਮ ਹੈ।

ਸੋਸਿਉਰ ਦਾ ਪਹਿਲਾ ਸਵਾਲ ਇਹ ਸੀ ਕਿ "ਭਾਸ਼ਾਵਿਗਿਆਨ ਦਾ ਵਿਸ਼ਾ **ਵਸਤੂ** ਕੀ ਹੋਵੇ?" ਉਹਨਾਂ ਨੇ ਜਾਣ ਬੁੱਝ ਕੇ "ਵਸਤੂ" (Object) ਸ਼ਬਦ ਦਾ ਪ੍ਰਯੋਗ ਕੀਤਾ। ਪਰ ਬੋਲੀ ਕੋਈ ਵਸਤੂ ਨਹੀਂ, ਪ੍ਰਕ੍ਰਿਆ (Process) ਹੈ। ਸੋਸਿਉਰ ਨੇ ਵਖਰੇਵਿਆਂ ਦੇ ਸੰਬੰਧਾਂ ਦੇ ਤਾਣੇ ਬਾਣੇ ਨੂੰ ਭਾਸ਼ਾ ਆਖ ਕੇ ਇਹਨੂੰ ਸੂਖਮ ਵਸਤੂ ਦਾ ਰੂਪ ਦੇ ਕੇ ਭਾਸ਼ਾ ਦਾ ਵਸਤੂਕਰਨ ਕੀਤਾ; ਅਤੇ ਅਸਲ ਜੀਵਨ ਵਿਚ ਵਰਤੀ ਜਾਂਦੀ ਬੋਲੀ ਨਾਲੋਂ ਇਹਨੂੰ ਨਿਖੇੜ ਕੇ ਇਸਦਾ ਲੋਕਾਂ ਨਾਲੋਂ ਵਿਯੋਗੀਕਰਨ ਕੀਤਾ। ਅਪੂਰਨ ਬੋਲੀ (ਪੈਰੋਲ) ਸਿਰਫ਼ ਪੂਰਨ ਭਾਸ਼ਾ (ਲੈਂਗ) ਦਾ ਪਰਛਾਵਾਂ ਹੈ। ਇਹੋ ਅਫ਼ਲਾਤੂਨੀ ਆਦਰਸ਼ਵਾਦ ਹੈ। ਭਾਸ਼ਾਵਿਗਿਆਨ ਦਾ ਵਿਸ਼ਾ ਵਸਤੂ ਇਹੋ ਅਫ਼ਲਾਤੂਨੀ ਸ਼ੈਅ ਹੈ। ਫ਼ਰਕ ਸਿਰਫ਼ ਇੰਨਾ ਹੈ ਕਿ ਇਹ ਕਿਸੇ ਅਫ਼ਲਾਤੂਨੀ ਸਵਰਗ ਵਿਚ ਨਹੀਂ ਸਗੋਂ ਸਮਾਜ ਵਿਚ ਵਸਦੀ ਹੈ। ਪਰ ਸੋਸਿਉਰ ਦਾ ਸਮਾਜ ਆਪਣੇ ਆਪ ਵਿਚ ਇਕ ਸੂਖਮ ਅਫ਼ਲਾਤੂਨੀ ਸ਼ੈਅ ਤੋਂ ਵੱਧ ਹੋਰ ਕੁਝ ਨਹੀਂ। ਇਸ ਵਿਚ ਕੋਈ ਜੀਉਂਦਾ ਜਾਗਦਾ, ਖਾਂਦਾ ਪੀਂਦਾ, ਸਾਹ ਲੈਂਦਾ ਵਿਅਕਤੀ ਨਜ਼ਰ ਨਹੀਂ ਆਉਂਦਾ।

ਸੋਸਿਉਰ ਦੇ ਸਿਧਾਂਤਾਂ ਦੀਆਂ ਮਹਾਨ ਪ੍ਰਾਪਤੀਆਂ ਨੂੰ ਅੱਖੋਂ ਉਹਲੇ ਕਰਨਾ ਮੂਰਖਤਾ ਹੈ। ਭਾਸ਼ਾ ਦੀਆਂ ਧੁਨੀਆਂ ਦੇ ਅਧਿਐਨ (Phonology) ਵਿਚ ਇਹਨਾਂ ਸਿਧਾਂਤਾਂ ਦੀ ਵਰਤੋਂ ਨਾਲ ਜੋ ਪ੍ਰਾਪਤੀਆਂ ਹੋਈਆਂ ਹਨ ਉਹ ਬੇਜੋੜ ਹਨ। ਯਾਕਬਸਨ ਅਤੇ ਤ੍ਰੁਬੈਤਸਕੋਈ ਨਾਂ ਦੇ ਦੋ ਰੂਸੀ ਭਾਸ਼ਾਵਿਗਿਆਨੀਆਂ ਨੇ ਇਸ ਖੇਤਰ ਵਿਚ ਜੋ ਕਮਾਲ ਦਾ ਕੰਮ ਕੀਤਾ ਹੈ ਉਸਨੇ ਵਿਦਵਾਨਾਂ ਦਾ ਧਿਆਨ ਸੰਰਚਨਾਵਾਦ ਵਲ ਖਿੱਚਣ ਦਾ ਕੰਮ ਸੋਸਿਉਰ ਦੀ ਕਿਤਾਬ ਨਾਲੋਂ ਵੀ ਕਈ ਗੁਣਾ ਵੱਧ ਕੀਤਾ। ਸ਼ਬਦਾਂ ਦੀ ਬਣਤਰ ਅਤੇ ਨਿਰਮਾਣ (Morphology) ਦੇ ਅਧਿਐਨ ਵਿਚ ਵੀ ਸੋਸਿਉਰ ਦੇ ਸਿਧਾਂਤ ਚੰਗੀ ਤਰ੍ਹਾਂ ਵਰਤੇ ਜਾ ਸਕਦੇ ਹਨ। ਪਰ ਵਾਕ ਬਣਤਰ (Syntax) ਦੇ ਪੱਧਰ ਤੇ ਪਹੁੰਚ ਕੇ ਇਸ ਸੰਰਚਨਾਵਾਦ ਦੇ ਪੈਰ ਬੁਰੀ ਤਰ੍ਹਾਂ ਲੜਖੜਾ ਜਾਂਦੇ ਹਨ। ਇੱਥੇ ਸੋਸਿਉਰ ਦੇ ਵਿਚਾਰ ਬਿਲਕੁਲ ਅਸਪਸ਼ਟ ਹਨ। ਵਾਕ ਭਾਸ਼ਾ (ਲੈਂਗ) ਦਾ ਹਿੱਸਾ ਹੈ ਜਾ ਬੋਲੀ (ਪੈਰੋਲ) ਦਾ? ਇਹਦੇ ਬਾਰੇ ਸੋਸਿਉਰ ਖ਼ੁਦ ਉਲਝਣ ਵਿਚ ਫਸੇ ਜਾਪਦੇ ਹਨ। ਚਲੋ ਕੁਝ ਦੇਰ ਲਈ ਮੰਨ ਹੀ ਲਓ ਕਿ ਕਿਸੇ ਭਾਸ਼ਾ ਦੇ ਸ਼ਬਦਾਂ ਦੇ ਅਰਥ ਸਿਰਫ਼ ਵਖਰੇਵਿਆਂ ਦੇ ਸੰਬੰਧਾਂ ਨਾਲ ਨਿਸ਼ਚਿਤ ਹੁੰਦੇ ਹਨ। (ਹਾਲਾਂਕਿ ਇਹ ਗੱਲ ਸਰਾਸਰ ਗ਼ਲਤ ਹੈ)। ਪਰ ਵਾਕਾਂ ਦੇ ਅਰਥ ਕਿਵੇਂ ਨਿਸ਼ਚਿਤ ਹੁੰਦੇ ਹਨ? ਵਾਕ ਤਾਂ ਪਲ ਪਲ ਨਵੇਂ ਬਣਦੇ ਹਨ। ਇਸ ਪਰਚੇ ਦੇ ਬਹੁਤ ਸਾਰੇ ਵਾਕ ਤੁਸੀਂ ਕਦੇ ਪਹਿਲਾਂ ਨਹੀਂ ਪੜ੍ਹੇ ਜਾਂ ਸੁਣੇ ਹੋਣੇ। ਭਾਸ਼ਾ ਦੀ ਅਸਲੀ ਕ੍ਰਿਆਤਮਕਤਾ ਵਾਕ ਪੱਧਰ ਤੇ ਆ ਕੇ ਹੀ ਪ੍ਰਗਟ ਹੁੰਦੀ ਹੈ। ਪਰ ਵਾਕ ਬਾਰੇ ਸੋਸਿਉਰ ਦਾ ਸੰਰਚਨਾਵਾਦ ਲਗਭਗ ਚੁੱਪ ਹੀ ਹੈ। ਵਾਕ ਦਾ ਅਰਥ ਸਮਾਜਕ ਸਥਿਤੀਆਂ ਵਿਚੋਂ ਪੈਦਾ ਹੁੰਦਾ ਹੈ, ਸਿਸਟਮ ਵਿਚੋਂ ਨਹੀਂ। ਸਿਸਟਮ ਤਾਂ ਕੇਵਲ ਇਸਦੇ ਪੈਦਾ ਹੋਣ ਵਿਚ ਸਹਾਈ ਹੀ ਹੁੰਦਾ ਹੈ। **ਉਹ ਅਰਥ ਅਰਥ ਨਹੀਂ ਜੋ ਸਮਾਜਕ ਨਹੀਂ।** ਸਮਾਜ ਕੋਈ ਸੂਖਮ ਵਸਤੂ ਨਹੀਂ, ਜੀਉਂਦੇ ਜਾਗਦੇ ਮਨੁੱਖਾਂ ਦੀਆਂ ਸਮਾਜਕ ਪ੍ਰਕ੍ਰਿਆਵਾਂ, ਆਰਥਕ ਸੰਬੰਧਾਂ ਆਦਿ ਦਾ ਨਾਂ ਹੈ। ਅਰਥ ਚਿੰਨ੍ਹਾਂ ਦੇ ਵਖਰੇਵੇਂ ਵਿਚੋਂ ਨਹੀਂ ਸਗੋਂ ਇਤਿਹਾਸ, ਸਮਾਜਕ ਸਮੱਸਿਆਵਾਂ, ਸਮਾਜਕ ਪ੍ਰਕ੍ਰਿਆਵਾਂ, ਆਰਥਿਕ ਸੰਬੰਧਾਂ,

ਵਿਚਾਰਧਾਰਾਵਾਂ, ਜਮਾਤੀ ਵੰਡ ਆਦਿ ਵਿਚੋਂ ਪੈਦਾ ਹੁੰਦੇ ਹਨ। ਅਫ਼ਲਾਤੂਨੀ ਆਦਰਸ਼ਵਾਦ ਨੂੰ ਸਿਰ ਭਾਰ ਖੜ੍ਹਾ ਕਰਨ ਦੀ ਲੋੜ ਹੈ। ਚਿੰਨ੍ਹਾਂ ਦਾ ਸਿਸਟਮ ਕੇਵਲ ਸਮਾਜਕ ਪ੍ਰਕ੍ਰਿਆਵਾਂ ਦਾ ਪਰਛਾਵਾਂ ਮਾਤ੍ਰ ਹੈ।

ਕਿਸੇ ਵੀ ਪੱਧਰ ਤੇ ਭਾਸ਼ਾ ਵਿਚ ਕੋਈ ਇਕ ਸਿਸਟਮ ਨਹੀਂ ਹੁੰਦਾ। ਭਾਸ਼ਾ ਕੋਈ ਵਸਤੂ ਰੂਪੀ ਬੰਦ ਸਿਸਟਮ ਨਹੀਂ। ਇਹ ਪ੍ਰਕ੍ਰਿਆ ਰੂਪੀ ਖੁੱਲ੍ਹਾ ਸਿਸਟਮ ਹੈ ਜੋ ਲਗਾਤਾਰ ਬਦਲਦਾ ਰਹਿੰਦਾ ਹੈ। ਇਸਦੀ ਪ੍ਰਕ੍ਰਿਆ ਹੀ ਇਸਦੀ ਹੋਂਦ ਹੈ। ਜਿਵੇਂ ਮੀਂਹ, ਹਨੇਰੀ, ਨਦੀ - ਇਹ ਸਭ ਖੁੱਲ੍ਹੇ ਪ੍ਰਕ੍ਰਿਆ ਸਿਸਟਮ ਹਨ, ਕੋਈ ਬੰਦ ਵਸਤੂ ਸਿਸਟਮ ਨਹੀਂ। ਇਹਨਾਂ ਵਿਚ ਨਿਰੰਤਰਤਾ ਹੁੰਦੀ ਹੈ ਪਰ ਖੜੋਤ ਜਾਂ ਸਥਾਈਪਨ ਨਹੀਂ। ਖੜੋਤ ਇਹਨਾਂ ਲਈ ਮੌਤ ਹੈ। ਇਹੋ ਹਾਲ ਭਾਸ਼ਾ ਦਾ ਹੈ।

ਭਾਸ਼ਾ ਜਾਂ ਲੈਂਗ ਦੇ ਫ਼੍ਰੀਜ਼ਰ ਵਿਚ ਪਏ ਸ਼ਬਦ ਦਾ ਕੋਈ ਖ਼ਾਸ ਅਰਥ ਨਹੀਂ ਹੁੰਦਾ। ਇਸ ਵਿਚ ਅਰਥ ਸੰਭਾਵਨਾਵਾਂ ਹੁੰਦੀਆਂ ਹਨ, ਉਹ ਵੀ ਇਸ ਕਰਕੇ ਕਿ ਬੀਤੇ ਸਮਿਆਂ ਵਿਚ ਇਹ ਸਮਾਜਕ ਸਥਿਤੀਆਂ ਵਿਚ ਵਰਤਿਆ ਗਿਆ ਸੀ। ਕਿਸੇ ਇਕ ਸਮੇਂ ਇਹ ਸਾਰੀਆਂ ਸੰਭਾਵਨਾਵਾਂ ਨਹੀਂ ਸਗੋਂ ਇਹਨਾਂ ਵਿਚੋਂ ਕੁਝ ਇਕ ਸਾਕਾਰ ਹੁੰਦੀਆਂ ਹਨ, ਜਦ ਇਹ ਸ਼ਬਦ ਬੋਲੀ ਵਿਚ ਵਰਤਿਆ ਜਾਵੇ। ਵਰਤਿਆ ਜਾਣ ਨਾਲ ਇਹਦੀਆਂ ਅਰਥ ਸੰਭਾਵਨਾਵਾਂ ਹੋਰ ਵਧ ਜਾਂਦੀਆਂ, ਅਤੇ ਇਹਨਾਂ ਸੰਭਾਵਨਾਵਾਂ ਨੂੰ ਆਪਣੇ ਵਿਚ ਸਮੋ ਕੇ ਉਹ ਵਾਪਸ ਸਿਸਟਮ ਵਿਚ ਨੂੰ ਪਰਤ ਜਾਂਦਾ ਹੈ। ਇਹ ਕੰਮ ਚਲਦਾ ਰਹਿੰਦਾ ਹੈ, ਕੁਝ ਪੁਰਾਣੀਆਂ ਸੰਭਾਵਨਾਵਾਂ ਭੂਤ ਕਾਲ ਦੇ ਹਨੇਰੇ ਵਿਚ ਗੁੰਮ ਹੋ ਜਾਂਦੀਆਂ ਹਨ। ਸਮਾਜਕ ਪ੍ਰਕ੍ਰਿਆਵਾਂ ਦੇ ਅੰਤਰਗਤ ਚਲਦਾ ਇਹ ਸੰਭਾਵਨਾ ਅਤੇ ਸਾਕਾਰਤਾ ਦਾ ਦਵੰਦਵਾਤਮਕ ਸੰਬੰਧ (Dialectical Relation) ਹੀ ਭਾਸ਼ਾ ਦਾ ਜੀਵਨ ਹੈ। ਇਹ ਸਚਾਈ ਕਦੇ ਬਦਲ ਨਹੀਂ ਸਕਦੀ, ਭਾਵੇਂ ਇਸਤੋਂ ਡਰ ਕੇ ਭੱਜ ਜਾਓ, ਭਾਵੇਂ ਇਸਨੂੰ ਸਵੀਕਾਰ ਕਰ ਲਓ। ਭਾਰਤੀ ਭਾਸ਼ਾਵਿਗਿਆਨੀਆਂ ਨੇ ਇਸਨੂੰ ਸਵੀਕਾਰ ਕੀਤਾ ਹੈ। ਭਰਤ੍ਰੀਹਰੀ ਨੇ ਤਾਂ ਇਥੋਂ ਤਕ ਕਿਹਾ ਹੈ ਕਿ ਜਦ ਤਕ ਕਿਸੇ ਸ਼ਬਦ ਨੂੰ ਬੋਲੀ ਵਿਚ ਵਰਤਿਆ ਨਾ ਜਾਏ ਉਸਦਾ ਕੋਈ ਅਰਥ ਹੁੰਦਾ ਹੀ ਨਹੀਂ। ਭਾਸ਼ਾ ਦੀ ਨਿਰੰਤਰਤਾ ਨੂੰ ਭਾਰਤੀ ਭਾਸ਼ਾਵਿਗਿਆਨੀਆਂ ਨੇ "ਪ੍ਰਵਾਹ ਨਿਰੰਤਰਤਾ" ਅਰਥਾਤ ਨਦੀ ਵਰਗੀ ਨਿਰੰਤਰਤਾ ਆਖਿਆ ਹੈ। ਮੈਂ ਇਹ ਨਹੀਂ ਕਹਿੰਦਾ ਕਿ ਭਾਸ਼ਾ ਵਿਚ ਵਖਰੇਵਿਆਂ ਦੀ ਕੋਈ ਥਾਂ ਹੀ ਨਹੀਂ। ਵਖਰੇਵੇਂ ਬੜੇ ਮਹਤਵਪੂਰਨ ਹੁੰਦੇ ਹਨ ਅਤੇ ਸ਼ਬਦਾਂ ਦੇ ਅਰਥਾਂ ਨੂੰ ਨਿਸ਼ਚਿਤ ਕਰਨ ਵਿਚ ਇਹਨਾਂ ਦਾ ਬਹੁਤ ਹੱਥ ਹੁੰਦਾ ਹੈ। ਪਰ ਇਹ ਕਹਿਣਾ ਕਿ ਭਾਸ਼ਾ ਵਿਚ ਵਖਰੇਵਿਆਂ ਤੋਂ ਆਲਾਵਾ ਹੋਰ ਕੁਝ ਹੁੰਦਾ ਹੀ ਨਹੀਂ, ਇਹ ਨਾ ਮੰਨਣ ਯੋਗ ਅੱਤਕਥਨੀ ਹੈ।

ਮੇਰੇ ਵਿਚਾਰ ਅਨੁਸਾਰ ਭਾਸ਼ਾਵਿਗਿਆਨ ਚਿੰਨ੍ਹਾਂ ਦੇ ਬੰਦ ਸਿਸਟਮ ਦਾ ਅਧਿਐਨ ਨਹੀਂ, ਸਗੋਂ ਇਹਨਾਂ ਚਿੰਨ੍ਹਾਂ ਦਾ ਸਿਰਜਣ ਅਤੇ ਪ੍ਰਯੋਗ ਕਰਨ ਵਾਲੇ ਲੋਕਾਂ ਦੀਆਂ ਭਾਸ਼ਾਈ ਪ੍ਰਕ੍ਰਿਆਵਾਂ ਦਾ ਅਧਿਐਨ ਹੈ ਜਿਹਨਾਂ ਰਾਹੀਂ ਇਹ ਸਿਸਟਮ ਪੈਦਾ ਹੁੰਦਾ ਹੈ, ਪ੍ਰਗਟ ਹੁੰਦਾ ਹੈ, ਕਾਇਮ ਰਹਿੰਦਾ ਹੈ ਅਤੇ ਵਿਕਸਿਤ ਹੁੰਦਾ ਹੈ। ਇਥੇ ਦੁਨੀਆ ਦੇ ਮਹਾਨ ਭਾਸ਼ਾਵਿਗਿਆਨੀ ਪਾਨਿਨੀ ਦੀ ਮਿਸਾਲ ਬੜੀ ਢੁਕਵੀਂ ਹੈ। ਸੰਸਕ੍ਰਿਤ ਭਾਸ਼ਾ ਦੀਆਂ ਧੁਨੀਆਂ ਅਤੇ ਸ਼ਬਦਾਂ ਵਿਸ਼ਲੇਸ਼ਣ ਕਰਦਿਆਂ ਪਾਨਿਨੀ ਸੋਸਿਉਰ ਦੇ ਢੰਗਾਂ ਨਾਲ ਰੂਪ ਅਤੇ ਅਰਥ ਅਨੁਸਾਰ ਸ਼ਬਦਾਂ ਦਾ ਵਿਸ਼ਲੇਸ਼ਣ ਕਰਦੇ ਗਏ। ਪਰ ਜਦ ਵਾਕ ਬੋਲਣ ਸਮੇਂ ਸ਼ਬਦਾਂ ਉਤੇ ਜ਼ੋਰ ਦੇਣ ਜਾਂ ਸੁਰ ਉੱਚਾ ਨੀਵਾਂ ਹੋਣ ਦੀ ਗੱਲ ਆਈ ਤਾਂ ਉਹਨਾਂ ਨੇ ਉਸ ਸਮੇਂ ਦੇ ਸਮਾਜ ਦੀ ਜਮਾਤੀ ਵੰਡ ਦਾ ਜ਼ਿਕਰ ਕਰਨੋਂ ਸੰਕੋਚ ਨਾ ਕੀਤਾ। ਬੇਝਿਜਕ ਉਹ ਚਿੰਨ੍ਹਾਂ ਦੇ ਸਿਸਟਮ ਵਿਚੋਂ ਬਾਹਰ ਨਿਕਲ ਆਏ। ਨਸਮਕਾਰ ਦਾ ਜਵਾਬ ਉੱਚੀ ਸੁਰ ਵਿਚ ਦੇਣ ਦਾ ਉਹ ਅਰਥ ਨਹੀਂ ਜੋ ਨੀਵੀਂ ਸੁਰ ਵਿਚ ਦੇਣ ਦਾ ਹੈ। ਕਿਉਂਕਿ ਇਹ ਭਾਸ਼ਾ ਦਾ ਪ੍ਰਯੋਗ ਹੈ ਇਸ ਲਈ ਇਹ ਭਾਸ਼ਾਵਿਗਿਆਨ ਦਾ ਹਿੱਸਾ ਹੈ। ਪਾਨਿਨੀ ਲਿਖਦੇ ਹਨ ਕਿ ਨਮਸਕਾਰ ਦਾ ਜਵਾਬ ਉੱਚੀ ਸੁਰ ਵਿਚ ਦਿੱਤਾ ਜਾਂਦਾ ਹੈ ਪਰ ਉਦੋਂ ਨਹੀਂ ਜਦ ਪਹਿਲਾਂ ਨਮਸਕਾਰ ਕਰਨ ਵਾਲਾ ਨੀਵੀਂ ਜਾਤ ਦਾ ਹੋਵੇ। ਪਾਨਿਨੀ ਨੇ ਕਦੇ ਵੀ ਭਾਸ਼ਾ ਨੂੰ ਲੋਕ-ਵਿਵਹਾਰ ਨਾਲੋਂ ਨਿਖੇੜ ਕੇ ਨਿਰਾ ਚਿੰਨ੍ਹਾਂ ਦਾ ਬੰਦ ਸਿਸਟਮ ਨਹੀਂ ਸਮਝਿਆ।

ਇਸ ਖੇਤਰ ਵਿਚ ਮੇਰਾ ਆਪਣਾ ਵੀ ਕੁਝ ਤਜਰਬਾ ਹੈ। ਪੰਜਾਬੀ ਵਿਆਕਰਣ ਦਾ ਅਧਿਐਨ ਕਰਦਿਆਂ ਮੈਂ ਪੰਜਾਬੀ ਦੀ ਕ੍ਰਿਆ "ਹੈ" 'ਤੇ ਆ ਕੇ ਰੁਕ ਗਿਆ। ਇਹ ਕ੍ਰਿਆ ਬਾਕੀ ਕ੍ਰਿਆਵਾਂ ਦੇ ਸਿਸਟਮ ਵਿਚ ਫ਼ਿਟ ਨਹੀਂ ਹੁੰਦੀ ਸੀ, ਅਤੇ ਦਾਲ

ਵਿਚ ਕੋੜਕੂ ਵਾਂਗ ਰੜਕਦੀ ਸੀ। ਪੰਜਾਬੀ ਦੀ ਇਹ ਇਕੋ ਇਕ ਕ੍ਰਿਆ ਹੈ ਜਿਸਦੇ ਵਰਤਮਾਨ ਕਾਲ ਅਤੇ ਭੂਤ ਕਾਲ ਹੁੰਦੇ ਹਨ। ਹੋਰ ਕਿਸੇ ਕ੍ਰਿਆ ਦੇ ਇਹ ਰੂਪ ਨਹੀਂ ਹੁੰਦੇ। ਬਾਕੀ ਸਭ ਕ੍ਰਿਆਵਾਂ ਦੇ ਕਾਰਦੰਤਕ (Participle) ਰੂਪ ਹੁੰਦੇ ਹਨ, ਪਰ "ਹੈ" ਦਾ ਕਾਰਦੰਤਕ ਰੂਪ ਕੋਈ ਨਹੀਂ। ਅਜਿਹਾ ਕਿਉਂ? ਕਈ ਦਿਨ ਮੈਂ ਚੱਕਰ ਵਿਚ ਪਿਆ ਰਿਹਾ। ਫਿਰ ਮੈਨੂੰ ਖ਼ਿਆਲ ਆਇਆ ਕਿ ਇਸ ਕ੍ਰਿਆ ਦਾ ਇਤਿਹਾਸ ਵੇਖਣਾ ਚਾਹੀਦਾ ਹੈ। ਮੈਂ ਵੇਖਿਆ ਕਿ ਇਹ ਕ੍ਰਿਆ ਸੰਸਕ੍ਰਿਤ ਦੀ "ਅਸ" ਕ੍ਰਿਆ ਤੋਂ ਆਈ ਸੀ। ਸੰਸਕ੍ਰਿਤ ਵਿਚ "ਅਸ" ਕ੍ਰਿਆ ਵੀ ਇਹੋ ਜਿਹੀ ਗੜਬੜ ਕਰ ਰਹੀ ਸੀ, ਅਤੇ ਪਾਣਿਨੀ ਵੀ ਇਸ ਗੜਬਤ ਤੋਂ ਦੁਖੀ ਹੋਏ ਜਾਪਦੇ ਸਨ। ਪਰ ਇਸ ਗੜਬੜ ਦਾ ਕਾਰਨ? ਮੈਂ ਵੇਖਿਆ ਕਿ "ਅਸ" ਜਾਂ "ਹੈ" ਇਕੋ ਇਕ ਕ੍ਰਿਆ ਹੈ ਜੋ ਸ਼ੁੱਧ ਹੋਂਦ (Existence) ਨੂੰ ਦਰਸਾਉਂਦੀ ਹੈ ਅਤੇ ਜਿਹਦੇ ਅਰਥ ਵਿਚ ਪ੍ਰਕ੍ਰਿਆ (Process) ਦੀ ਕੋਈ ਝਲਕ ਨਹੀਂ। ਪ੍ਰਕ੍ਰਿਆ ਅਤੇ ਸ਼ੁੱਧ ਹੋਂਦ ਦੋਹਾਂ ਦਾ ਸੰਬੰਧ ਸਮੇਂ ਨਾਲ ਹੈ ਪਰ ਬਿਲਕੁਲ ਵੱਖਰੀ ਕਿਸਮ ਦਾ। ਭਾਰਤੀ ਕਲਚਰ, ਧਰਮ, ਵਿਗਿਆਨ, ਗਣਿਤ, ਜੋਤਸ਼, ਕਾਵਿ ਆਦਿ ਵਿਚ ਹਜ਼ਾਰਾਂ ਸਾਲਾਂ ਤੋਂ ਸਮੇਂ ਦੇ ਸੰਬੋਧ ਅਤੇ ਅਰਥ ਵਿਚ ਜੋ ਵਿਕਾਸ ਹੋਇਆ ਸੀ ਮੈਨੂੰ ਉਸਦਾ ਅਧਿਐਨ ਕਰਨਾ ਪਿਆ। ਤਾਂ ਕਿਤੇ ਜਾ ਕੇ ਮੈਨੂੰ ਸਮਝ ਆਈ ਕਿ ਪੰਜਾਬੀ ਵਿਆਕਰਣ ਦੇ ਸਿਸਟਮ ਵਿਚ "ਹੈ" ਕ੍ਰਿਆ ਦਾ ਜੋ ਸਥਾਨ ਹੈ ਉਹ ਕਿਉਂ ਹੈ। ਕਲਚਰ, ਇਤਿਹਾਸ, ਸਮਾਜਕ ਪ੍ਰਕ੍ਰਿਆਵਾਂ, ਜਮਾਤੀ ਵੰਡ ਆਦਿ ਤੋਂ ਭੱਜ ਕੇ ਚਿੰਨ੍ਹਾਂ ਦੇ ਸੂਖਮ ਸੰਸਾਰ ਵਿਚ ਸ਼ਰਨ ਢੂੰਡਣ ਵਾਲਾ ਵਿਦਵਾਨ ਪਲਾਇਨਵਾਦੀ ਜਾਂ ਭਾਂਜਵਾਦੀ ਹੁੰਦਾ ਹੈ। ਮੈਂ ਭਾਂਜਵਾਦੀ ਨਹੀਂ। ਸਵਾਲ ਇਹ ਹੈ ਕਿ ਕੀ ਮੈਂ ਭਾਸ਼ਾ ਦੇ ਬੰਦ ਸਿਸਟਮ ਤੋਂ ਬਾਹਰ ਜਾਣ ਕਰਕੇ ਸੋਸਿਉਰ ਅੱਗੇ ਗੁਨਾਹਗਾਰ ਹਾਂ, ਜਾਂ ਮੈਂ ਉਹਨਾਂ ਦੇ ਸੁਪਨਿਆਂ ਦੇ ਵਡੇਰੇ ਚਿੰਨ੍ਹਵਿਗਿਆਨ ਦੇ ਅੰਦਰ ਭਾਸ਼ਾ ਨੂੰ ਫ਼ਿਟ ਕਰਨ ਵਾਲਾ ਉਹਨਾਂ ਦਾ ਬੌਧਿਕ ਵਾਰਿਸ ਹਾਂ? ਜੇ ਸੋਸਿਉਰ ਅੱਜ ਜੀਉਂਦੇ ਹੁੰਦੇ ਤਾਂ ਸ਼ਾਇਦ ਉਹ ਵੀ ਮੇਰੇ ਇਸ ਸਵਾਲ ਦਾ ਜਵਾਬ ਨਾ ਦੇ ਸਕਦੇ।